# ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-28, ਜਲਵਾਯੂ ਪਰਿਵਰਤਨ, ਗ੍ਰੀਨ ਹਾਊਸ ਗੈਸਾਂ ਅਤੇ ਉਤਸਰਜਨ ਦਰ ਵਿਚ ਕਮੀ

## ( Climate Change, Green House Gases And Reducing Emission Level )


ਖੋਜ ਡਾ. ਈ ਆਰ ਸੁਬਰਾਮਨੀਅਮ

ਲੜੀਵਾਰ ਸੰਯੋਜਕ : ਡਾ. ਬੀ ਕੇ ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ ਪੰਜਾਬ ਤੇ ਚੰਡੀਗੜ੍ਹ



( In this episode we have discussed climate change which is the most significant challenge to sustainable development and calls for urgent mitigation. It has been made out that addressing the climate chaos by all countries individually and collectively will be critical to human wellbeing and prosperity of the present as well as the future generations as all nations and all people share the same atmosphere. Further that the starting point for averting the dangers of climate change is to recognise the distinctive dimensions of the problem. Various aspects of Climate change, causes, effects and the need for control have been touched . )

( ਇਸ ਕੜੀ ਵਿੱਚ ਜੋ ਚਰਚਾ ਕੀਤੀ ਹੈ ਉਹ ਹੈ ਕਿ ਜਲਵਾਯੂ ਪਰਿਵਰਤਨ, ਇੱਕ ਓਹ ਸਮੱਸਿਆ ਹੈ ਜਿਹੜੀ ਕਿ ਟਿਕਾਊ ਵਿਕਾਸ ਲਈ ਸੱਭ ਤੋਂ ਵੱਡੀ ਚੁਨੌਤੀ ਹੈ ਅਤੇ ਇਸ ਉਪਰ ਤੁਰੰਤ ਧਿਆਨ ਦੇਣ ਦੀ ਲੋੜ ਹੈ ।ਇਸ ਮੁੱਦੇ ਤੇ ਧਿਆਨ ਕੇਂਦ੍ਰਤ ਕੀਤਾ ਹੈ ਕਿ ਵਰਤਮਾਨ ਦੀਆਂ ਅਤੇ ਭਵਿੱਖ ਦੀਆਂ ਸਾਰੀਆਂ ਨਸਲਾਂ ਦੀ ਮਨੁਖਤਾ ਦੀ ਭਲਾਈ ਤੇ ਪ੍ਰਫੁੱਲਤਾ ਵਾਸਤੇ ਜਰੂਰੀ ਹੈ ਕਿ ਪਰਿਆਵਰਣੀ ਘੜਮੱਸ ਵੱਲ ਸਾਰੇ ਮੁਲਕ ਇਕੱਲੇ - ਇਕੱਲੇ ਵੀ ਤੇ ਮਿਲ ਕੇ ਵੀ ਮੁਖਾਤਬ ਹੋਣ ! ਕਿਉਂਕਿ ਸਾਰੇ ਲੋਕ ਤੇ ਕੌਮਾਂ ਇੱਕੋ ਹੀ ਪਰਿਆਵਰਣ ਵਿੱਚ ਵਿਚਰਦੀਆਂ ਹਨ ! ਇਸ ਤੋਂ ਅੱਗੇ ਕਿ ਪਰਿਆਵਰਣੀ ਬਦਲਾਅ ਦੇ ਖਤਰਿਆਂ ਨੂੰ ਰੋਕਨ ਦੇ ਲਈ ਜਰੂਰੀ ਹੈ ਕਿ ਇਸ ਸਮੱਸਿਆ ਦੇ ਵੱਖ-ਵੱਖ ਪਹਿਲੂਆਂ ਦੀ ਨਿਸ਼ਾਨਦੇਹੀ ਕੀਤੀ ਜਾਵੇ । ਇਸ ਨਾਟਕ ਵਿੱਚ ਪਰਿਆਵਰਣ ਬਦਲਾਅ , ਇਸਦੇ ਕਾਰਨ, ਪ੍ਰਭਾਵ ਅਤੇ ਇਸ ਇਸ ਨਾਲ ਨਜਿੱਠਣ ਦੀ ਤਿਆਰੀ ਬਾਰੇ ਵੱਖ-ਵੱਖ ਪੱਖਾਂ ਨੂੰ ਛੁਹਿਆ ਹੈ ! )


### ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਸੂਰਜ: ਪ੍ਰੋਫੈਸਰ ਪਤੀ ( 48 ਸਾਲ )

ਧਨਵੰਤ: ਪਰਿਆਵਰਣ ਕਾਰਕੁਨ, ਪਤਨੀ ( 45 ਸਾਲ )

ਕੇਸ਼ਵ: ਖੇਤੀਬਾੜੀ ਅਧਿਕਾਰੀ , ਪੁੱਤਰ ( 27 ਸਾਲ )

ਆਕਾਸ਼: ਪਰਿਆਵਰਣ ਵਿਗਿਆਨੀ ( 44 ਸਾਲ )

**ਮਾਲਾ:** ਆਈ ਆਈ ਟੀ ਐਮ ਵਿਗਿਆਨੀ ( 45 ਸਾਲ )

**ਸਾਗਰ :** ਕਿਸਾਨ, ਸੂਰਜ ਦਾ ਦੋਸਤ ( 52 ਸਾਲ )

**ਸੁਰਜੀਤ:** ਵਿਦਿਆਰਥਣ ( 21 ਸਾਲ )

**ਰਾਹੁਲ:** ਵਿਦਿਆਰਥੀ ( 20 ਸਾਲ )

**ਸੁਰੂਆਤੀ ਐਲਾਨ**

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਸਤਾਈ ਕੜੀਆਂ ਰਾਹੀਂ ਅਸੀਂ ਕਰ ਚੁੱਕੇ ਹਾਂ ਚਰਚਾ, ਸਾਡੇ ਪ੍ਰਚੱਲਤ ਵਿਕਾਸ ਮਾਡਲ ਕਾਰਨ ਪੈਦਾ ਹੋਏ ਖਪਤਵਾਦ ਦੀ , ਨਿੱਕਲ ਰਹੇ ਸਿੱਟਿਆਂ ਦੀ, ਖਤਰਿਆਂ ਦੀ, ਜੋ ਦਰਪੇਸ਼ ਨੇ ਸਾਡੇ ਇਸ ਧਰਤ ਗ੍ਰਹਿ ਨੂੰ ਅਤੇ ਮਨੁਖਤਾ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਵਿਸ਼ੇ 'ਤੇ ! ਕਹਾਣੀ ਹੈ ਅੱਜ ਪਰਿਆਵਰਣ ਦੇ ਬਦਲਾਅ ਦੀ, ਇਸ ਬਦਲਾਅ ਦੇ ਕਾਰਨਾਂ ਤੇ ਪ੍ਰਭਾਵਾਂ ਦੀ ! ਇਸ ਨਾਲ ਨਜਿੱਠਨ ਵਾਸਤੇ ਉਪਾਵਾਂ ਦੀ ਵੀ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਇਸ ਅਠਾਈਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ਸਾਡੇ ਵੱਲੋਂ ਸ਼ੁੱਭ ਸਵੇਰ !

**ਮਰਦ ਸੂਤਰਧਾਰ:** ਪਿਛਲੀ ਵਾਰੀ ਸੀ ਬ੍ਰਿਤਾਂਤ ਜ਼ਮੀਨ ਅਤੇ ਇਸਦੀ ਵਰਤੋਂ ਦੇ ਬਦਲਾਅ ਦਾ !

**ਔਰਤ ਸੂਤਰਧਾਰ:** ਸੁਣਾਇਆ ਸੀ ਹਾਲ ਝੋਨੇ ਦੇ ਝਾੜ ਦੇ ਘਟਦੇ ਜਾਣ ਦਾ !

**ਮਰਦ ਸੂਤਰਧਾਰ:** ਗਾਥਾ ਸੀ ਹਰੇ ਇਨਕਲਾਬ ਵੱਲੋਂ ਸਾਨੂੰ ਵੱਧ ਤੋਂ ਵੱਧ ਰਸਾਇਣਿਕ ਖਾਦਾਂ, ਕੀਟ ਨਾਸ਼ਕ , ਨਦੀਨ ਨਾਸ਼ਕ ਤੇ ਹੋਰ ਰਸਾਇਣਾਂ ਦੀ ਵਰਤੋਂ 'ਤੇ ਲਾਉਣ ਦੀ !

**ਔਰਤ ਸੂਤਰਧਾਰ:** ਸੁਣਾਈ ਸੀ ਕਹਾਣੀ ਝਾੜ ਘਟਣ ਕਰਕੇ ਕਿਸਾਨਾਂ ਦੀ ਡੋਲਦੀ ਆਰਥਕਤਾ ਦੀ !

**ਮਰਦ ਸੂਤਰਧਾਰ:** ਸੁਣਾਈ ਸੀ ਕਹਾਣੀ ਮਰ ਰਹੀ ਮਿੱਟੀ ਤੇ ਖਤਮ ਹੋ ਰਹੇ ਸਾਡੇ ਮਿੱਤਰ ਕੀਟਾਂ ਦੀ ਵੀ !

**ਔਰਤ ਸੂਤਰਧਾਰ:** ਸੁਣਿਆ ਸੀ ਬ੍ਰਿਤਾਂਤ ਹਰੇ ਇਨਕਲਾਬ ਤੋਂ ਬਾਅਦ ਪਸ਼ੂ ਪਾਲਣ ਦੇ ਮਾੜੇ ਹਾਲ ਦਾ ਤੇ ਦਿਨ ਬਦਿਨ ਦੁੱਧ ਦੇ ਘੱਟਦੇ ਉਤਪਾਦਨ ਦਾ!

**ਮਰਦ ਸੂਤਰਧਾਰ:** ਸੁਣਿਆ ਸੀ ਕਿੱਸਾ ਵਾਹੀ ਵਾਲੀ ਭੂਮੀ ਤੇ ਗੈਰ ਵਾਹੀ-ਭੂਮੀ ਦਾ ਵੀ !

**ਔਰਤ ਸੂਤਰਧਾਰ:** ਵਿਸਤਾਰ ਸੀ ਖੇਤੀ ਵਾਸਤੇ ਵਾਤਾਵਰਣੀ (ਪਰਸਿਥਿਤਿਕ) ਤੰਤਰ ਨੂੰ ਕਾਇਮ ਰੱਖਣ ਦੀ ਲੋੜ ਦਾ !

**ਮਰਦ ਸੂਤਰਧਾਰ:** ਕੀਤੀ ਸੀ ਪੇਸ਼ਕਾਰੀ ਜੰਗਲਾਂ ਦੇ ਖਾਤਮੇ ਕਾਰਨ ਜੰਗਲੀ ਜਾਨਵਰ , ਹਾਥੀ ਸ਼ੇਰ , ਚੀਤੇ, ਤੇਂਦੂਏ ਅਦਿ ਦੀ ਮਨੁੱਖੀ ਬਸਤੀਆਂ ਵੱਲ ਨੂੰ ਫੇਰੀ ਅਤੇ ਉਸਦੇ ਮਨੁੱਖੀ ਜੀਵਣ ਨੂੰ ਖਤਰੇ !

**ਔਰਤ ਸੂਤਰਧਾਰ:** ਦੱਸੀ ਸੀ ਲੋੜ ਜੈਵ ਵੰਨ - ਸੁਵੰਨਤਾ ਦੀ ਸਾਡੀ ਹੋਂਦ ਦੇ ਲਈ !

**ਮਰਦ ਸੂਤਰਧਾਰ:** ਕਹਾਣੀ ਸੀ ਸਾਡੇ ਜੀਵਣ ਵਾਸਤੇ ਮਿੱਟੀ ਦੇ ਜਿਉਂਦੇ ਰਹਿਣ ਦੀ ਲੋੜ ਦੀ, ਵਣਾਂ ਦੇ ਖਾਤਮੇ ਤੇ ਹੜ੍ਹਾਂ ਨਾਲ ਹੋ ਰਹੇ ਭੂਮੀਕਟਾਵ ਦੀ !

**ਔਰਤ ਸੂਤਰਧਾਰ:**ਭੂਮੀ ਸੁਰੱਖਿਅਣ ਲਈ ਫਸਲੀ ਚੱਕਰ, ਤੁਪਕਾ ਸਿੰਜਾਈ,ਵਣ-ਲਗਾਉਣ ਜਿਹੇ ਦੱਸੇ ਸਨ ਉਪਾਅ ਵੀ!

**ਮਰਦ ਸੂਤਰਧਾਰ:**ਬ੍ਰਿਤਾਂਤ ਸੀ ਪੰਜਾਬ ਦੀ ਮਰ ਰਹੀ ਮਿੱਟੀ ਦਾ, ਤਬਾਹ ਹੁੰਦੀ ਆਰਥਕਤਾ ਦਾ, ਖੁਦਕਸ਼ੀਆਂ ਕਰਦੇ ਕਿਸਾਨਾਂ ਮਜਦੂਰਾਂ ਦਾ! ਘਰੇਲੂ ਉਤਪਾਦਨ ਵਿੱਚ ਖੇਤੀ ਦੇ ਕੇਵਲ 16% ਹਿੱਸੇ ਦਾ ਤੇ ਇਸ ਉਪਰ 45% ਤੋਂ ਵੀ ਵੱਧ ਨਿਰਭਰ ਆਬਾਦੀ ਦਾ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਪਰਿਆਵਰਣੀ ਵਿਗਾੜਾਂ ਦੀ! ਗ੍ਰੀਨ ਹਾਊਸ ਗੈਸਾਂ ਦੀ !

**ਮਰਦ ਸੂਤਰਧਾਰ:** ਹੋਵੇਗੀ ਚਰਚਾ ਇਨ੍ਹਾਂ ਦੇ ਕਾਰਨਾਂ ਦੀ, ਪ੍ਰਭਾਵ ਦੀ ਤੇ ਉਪਾਅ ਦੀ ਵੀ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ -"**ਚਲਦੀ ਰਹੇ ਇਹ ਜਿੰਦਗੀ**" ਦੀ 28ਵੀਂ ਕੜੀ ," **ਜਲਵਾਯੂ ਪਰਿਵਰਤਨ, ਗ੍ਰੀਨ ਹਾਊਸ ਗੈਸਾਂ ਅਤੇ ਉਤਸਰਜਨ ਦਰ ਵਿਚ ਕਮੀ**" ਪੇਸ਼ ਕਰਦੇ ਨੇ ਇਉਂ ਸਾਡੇ ਕਲਾਕਾਰ! ਸੁਣੋ ! ਸੁਣੋ! ਸੁਣੋ ਕਹਾਣੀ , ਇਨ੍ਹਾਂ ਦੀ ਜ਼ੁਬਾਨੀ!

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

………………**ਕੜੀ ਦਾ ਸੰਗੀਤ** …………

**ਸਿਰਲੇਖ ਧੁਨੀ** ………………………………**ਮੱਧਮ ਪੈਂਦੀ ਹੈ**

## ਦ੍ਰਿਸ਼ -ਪਹਿਲਾ

**(ਸੂਰਜ ਦੇ ਘਰ ਦੀ ਬੈਠਕ ਵਿੱਚ ਸੂਰਜ ਬੈਠਾ ਹੈ, ਆਪਸੀ ਗਲ ਬਾਤ ਤੇ ਨੋਕ ਝੋਕ ਚੱਲ ਰਹੀ ਹੈ)**

**ਸੂਰਜ** (ਬੁਲਾਉਂਦੇ ਹੋਏ) ਹੈ ਕੋਈ ! ਲਿਆਓ ਇਕ ਗਲਾਸ ਠੰਡਾ ਪਾਣੀ ! ਲੱਗੀ ਹੈ ਪਿਆਸ ਬੜੀ ! ਐਨੀ ਗਰਮੀ…!

**ਸੁਰਜੀਤ:** ਆਹ ਲਓ ਪਾਣੀ…! ਠੰਡਾ-ਠੰਡਾ… ਕੂਲ-ਕੂਲ…

**ਧਨਵੰਤ:** ਆਹ ਦੇਖੋ… ਗਰਮਾ-ਗਰਮ ਖ਼ਬਰ… ਅੱਜ ਦੇ ਅਖ਼ਬਾਰ ਵਿਚ…!

**ਸੂਰਜ(ਹੈਰਾਨੀ ਨਾਲ):** ਗਰਮਾ-ਗਰਮ ਖ਼ਬਰ ? ਕੀ ਹੋਇਆ ? ਦੱਸੋ ਨਾ ? ਮੈਨੂੰ ਤਾਂ ਐਨਕ ਲਾਉਣੀ ਪਏਗੀ…!

**ਧਨਵੰਤ:** ਸਾਲ 2016 ਹੁਣ ਤਕ ਦਾ ਸਭ ਤੋਂ ਗਰਮ ਸਾਲ !

**ਸੁਰਜੀਤ:**ਹਾਂ ਮੰਮੀ ! ਗਰਮੀ ਪਈ ਵੀ ਤਾਂ ਅਮਤਾਂ ਦੀ ਸੀ ਪਿਛਲੇ ਸਾਲ… ਰਿਕਾਰਡ ਟੁੱਟ ਗਏ ਸਨ…!

**ਸੂਰਜ:** ਹਾਂ…ਪਿਛਲੇ ਕਈ ਸਾਲਾਂ ਤੋਂ ਆਉਣ ਵਾਲਾ ਹਰੇਕ ਸਾਲ, ਪਿਛਲੇ ਨਾਲੋਂ ਹੁੰਦਾ ਹੈ ਜ਼ਿਆਦਾ ਗਰਮ !

**ਸੁਰਜੀਤ:**ਐਨੀ ਗਰਮੀ! ਜਿਉਣਾ ਵੀ ਦੁੱਭਰ ਹੋ ਜਾਵੇਗਾ ! ਡੈਡੀ ਪਲੀਜ਼ ਵੱਡਾ ਏ.ਸੀ. ਲਗਵਾ ਦਿਓ ਮੇਰੇ ਕਮਰੇ ਵਿਚ…

(ਸਾਰੇ ਹੱਸਦੇ ਹਨ)

**ਸੂਰਜ:** ਅੱਛਾ ! ਕਿਥੇ-ਕਿਥੇ ਲਗਵਾਵਾਂਗੇ ਏ.ਸੀ. ? ਪੂਰਾ ਧਰਤ ਗ੍ਰਹਿ ਹੀ ਜਾ ਰਿਹਾ ਹੈ ਗਰਮਾਉਂਦਾ! ਬਦਲ ਰਿਹਾ ਹੈ ਜਲਵਾਯੂ, ਸੁੰਗੜ ਰਹੀਆਂ ਨੇ ਸਰਦੀਆਂ, ਫੈਲ ਰਹੀਆਂ ਨੇ ਗਰਮੀਆਂ ! ਪਹਿਲਾਂ ਨਾਲੋਂ ਗਰਮ !

**ਧਨਵੰਤ:** ਪੂਰੀ ਦੁਨੀਆਂ 'ਤੇ ਹੈ ਅਸਰ ਇਸਦਾ ! ਖੇਤੀਬਾੜੀ, ਪਸ਼ੂ-ਪੰਛੀ, ਨਦੀਆਂ, ਪਹਾੜ, ਰੇਗਿਸਤਾਨ ! ਨਹੀਂ ਬਚੀ ਇਸਦੀ ਮਾਰ ਤੋਂ ਧਰੁਵਾਂ 'ਤੇ ਜਮ੍ਹਾਂ ਬਰਫ਼ ਵੀ !

**ਸੁਰਜੀਤ:** ਹਾਂ ਮੰਮੀ... ! ਸਾਡੀ ਸਾਇੰਸ ਮੈਡਮ ਨੇ ਵੀ ਦੱਸਿਆ ਸੀ ਇਸ ਤਪਸ ਬਾਰੇ !

**ਸੂਰਜ:** ਗਲੋਬਲ ਵਾਰਮਿੰਗ ਬਾਰੇ ?

**ਸੁਰਜੀਤ:** ਹਾਂ ! ਹਾਂ !ਗਲੋਬਲ ਵਾਰਮਿੰਗ ਬਾਰੇ ! ਕਹਿੰਦੇ ਸੀ ਵੱਧ ਜਾਂਦਾ ਹੈ ਤਾਪਮਾਨ ਸਾਰੀ ਦੀ ਸਾਰੀ ਧਰਤੀ ਦਾ!

**ਧਨਵੰਤ:** ਕਹਿੰਦੇ ਨੇ ਇਸਨੂੰ ਆਲਮੀ ਤਪਸ ਵੀ !

**ਸੂਰਜ:** ਲਓ ਜੀ, ਮੰਗਿਆ ਸੀ ਪਾਣੀ !ਪਹੁੰਚ ਗਏ ਗਲੋਬਲ ਵਾਰਮਿੰਗ ਤੱਕ!ਚਾਹ ਦੀ ਪਿਆਲੀ ਵਿੱਚ ਤੂਫ਼ਾਨ !

(ਸਾਰੇ ਹੱਸਦੇ ਹਨ)

**ਧਨਵੰਤ:** ਰਾਹੁਲ ਦਿਸਦਾ ਹੀ ਨਹੀਂ... ਪਤਾ ਨਹੀਂ ਇਹ ਲੜਕਾ ਦੁਪਹਿਰ ਦੇ ਖਾਣੇ ਵੇਲੇ ਕਿਥੇ ਨਿਕਲ ਜਾਂਦਾ ਹੈ?

**ਸੁਰਜੀਤ:**ਮੰਮੀ, ਉਹ ਰੇਲਵੇ ਸਟੇਸ਼ਨ ਗਿਆ ਹੈ ਆਪਣੇ ਦੋਸਤ ਨੂੰ ਲੈਣ !

**ਸੂਰਜ:** ਮੈਨੂੰ ਦੱਸ ਕੇ ਗਿਆ ਸੀ! ਬੀ.ਟੈੱਕ. ਦਾ ਉਸਦਾ ਜਮਾਤੀ ਕੇਸ਼ਵ ਆ ਰਿਹਾ ਹੈ, ਕਿਸੇ ਸੈਮੀਨਾਰ ਵਿਚ...!

**ਸੁਰਜੀਤ:** ਕੇਸ਼ਵ ! ਓਹੀ ਜੋ ਇੰਜੀਨੀਅਰਿੰਗ ਕਰਕੇ, ਪਿੰਡ ਵਿਚ ਖੇਤੀ ਕਰਦਾ ਤੇ ਕਰਾਉਂਦਾ ਹੈ ?

**ਧਨਵੰਤ:** ਹਾਂ! ਓਹ ਵਿਗਿਆਨਿਕ ਤਰੀਕਿਆਂ ਨਾਲ ਖੇਤੀ ਕਰਦਾ-ਕਰਾਉਂਦਾ ਹੈ ਨਾ ...! ਉਹਨਾਂ ਨੇ ਤਾਂ ਆਪਣੀ ਇਕ ਕਿਸਾਨ ਕੰਪਨੀ ਵੀ ਬਣਾ ਲਈ ਹੈ !

**ਸੂਰਜ:**ਅਜਕਲ ਕੁੱਝ ਪਰੇਸ਼ਾਨ ਹੈ, ਸੋਕੇ ਤੇ ਪਾਣੀ ਦੀ ਕਮੀ ਕਾਰਨ ਬਹੁਤੀਆਂ ਫਸਲਾਂ ਬਰਬਾਦ ਹੋ ਗਈਆਂ !

**ਧਨਵੰਤ:** ਅੱਛਾ! ਜਲਵਾਯੂ ਬਦਲਾਅ 'ਤੇ ਹੋ ਰਹੇ ਸੈਮੀਨਾਰ ਵਿਚ ਤੁਸੀਂ ਕੇਸ਼ਵ ਨੂੰ ਬੁਲਾਇਆ ਹੋਵੇਗਾ !

**ਸੁਰਜੀਤ:** ਦੇਖਿਆ ਡੈਡੀ... ਮੰਮੀ ਝੱਟ ਸਮਝ ਗਏ ਤੁਹਾਡੀਆਂ ਚਾਲਾਂ ਨੂੰ...

(ਸਾਰੇ ਹੱਸਦੇ ਹਨ)

**ਸੂਰਜ:** ਹਾਂ...ਹਾਂ...ਤੇਰੀ ਮੰਮੀ ਤਾਂ ਸੁਪਰ ਸਮਾਰਟ ਹੈ ! ਚੱਲੋ ਹੁਣ ਲੰਚ ਤਾਂ ਕਰ ਲਓ ਤਿਆਰ !

**ਸੁਰਜੀਤ (ਅਨਾਊਂਸਰ ਦੀ ਤਰ੍ਹਾਂ):** ਤਾਂ ਹੁਣ ਅਸੀਂ ਮਿਲਦੇ ਹਾਂ ਲੰਚ 'ਤੇ... ਇਕ ਛੋਟੇ-ਜਿਹੇ ਬ੍ਰੇਕ ਤੋਂ ਬਾਅਦ...।

(ਸਾਰੇ ਹੱਸਦੇ ਹਨ)

**(ਦ੍ਰਿਸ਼ ਬਦਲਾਅ ਸੰਗੀਤ)**

**ਦ੍ਰਿਸ਼-2**

(ਹੱਸਣ-ਗੱਲ ਕਰਨ ਦੇ ਸੁਰ)

**ਧਨਵੰਤ:** ਚਲੋ ਹੁਣ ਆਓ, ਮੁੱਦੇ ਦੀ ਗੱਲ 'ਤੇ !

**ਸੁਰਜੀਤ:**ਹਾਂ, ਤਾਂ ਦੱਸੋ ਕਿ ਕੀ ਬਣਿਆ ਹੈ ਖਾਣੇ ਵਿੱਚ ?

**ਕੇਸ਼ਵ :** ਮੈਨੂੰ ਲਗਦੈ ਆਂਟੀ ਦਾ ਮੁੱਦੇ ਦੀ ਗੱਲ ਦਾ ਮਤਲਬ ਲੰਚ ਨਹੀਂ !

**ਧਨਵੰਤ:** ਹਾਂ ਕੇਸ਼ਵ, ਬਿਲਕੁਲ ਠੀਕ...

**ਰਾਹੁਲ:** ਪਰ ਸੁਰਜੀਤ ਤਾਂ ਸੁਪਨੇ ਵਿਚ ਵੀ ਰਸਗੁੱਲਿਆਂ ਦੀ ਪਲੇਟ...ਹੀ ਦੇਖਦੀ ਰਹਿੰਦੀ ਹੈ...।

(ਸਾਰੇ ਹੱਸਦੇ ਹਨ)

**ਸੂਰਜ:** ਰਾਹੁਲ ! ਜਲਵਾਯੂ ਬਦਲਾਅ ਦਾ ਸਭ ਤੋਂ ਵੱਧ ਪ੍ਰਭਾਵ ਤਾਂ ਸਾਡੀ ਭੋਜਨ-ਸੁਰੱਖਿਆ ਅਵਸਥਾ ਉੱਤੇ ਪਵੇਗਾ ! ਖੇਤੀ ਦਾ ਤੇ ਫਸਲਾਂ ਦੇ ਝਾੜ ਦਾ ਤਾਂ ਜਲਵਾਯੂ ਨਾਲ ਸਿੱਧਾ ਸਬੰਧ ਹੈ...।

**ਕੇਸ਼ਵ:** ਹਾਂ ! ਹੁਣ ਤਾਂ ਠੰਡੇ ਇਲਾਕਿਆਂ ਵਿਚ ਵੀ ਤਾਪਮਾਨ ਵਧ ਰਿਹਾ ਹੈ...ਖੇਤੀ ਵਿਚ ਦਿੱਕਤ ਹੋ ਰਹੀ ਹੈ... ਫਸਲਾਂ ਦਾ ਝਾੜ ਘਟ ਰਿਹਾ ਹੈ ...

**ਧਨਵੰਤ:** ਜਲਵਾਯੂ ਬਦਲਾਅ ਕਾਰਨ ਤਾਂ ਮੀਂਹ, ਗੜੇ, ਪਾਲਾ, ਸੋਕਾ, ਹੜ੍ਹ, ਹਨੇਰੀ-ਤੂਫ਼ਾਨ ਆਦਿ ਵੀ ਬੇਮੌਸਮੇ ਆ ਰਹੇ ਹਨ...ਅਤੇ ਫਸਲਾਂ ਨੂੰ ਨੁਕਸਾਨ ਪਹੁੰਚਾਉਂਦੇ ਹਨ...

**ਸੂਰਜ:** ਪੰਜਾਬ ਵਿੱਚ ਤਾਂ ਕਣਕ ਪੱਕਨ ਵੇਲੇ ਮੀਂਹ ਤੇ ਹਨੇਰੀ ਨਾਲ ਫਸਲ ਬਰਬਾਦ ਹੋ ਜਾਂਦੀ ਹੈ ! ਤਾਂ ਹੀ ਤਾਂ ਕਹਿੰਦੇ ਨੇ , " ਵਸਿਆ ਚੇਤ , ਨਾ ਘਰ, ਨਾ ਖੇਤ"।

**ਕੇਸ਼ਵ:** ਹਾਂ ਜੀ...ਸਾਡੇ ਕਿਸਾਨਾਂ ਵਾਸਤੇ ਤਾਂ ਸਭ ਤੋਂ ਵੱਡੀ ਸਮੱਸਿਆ ਹੀ ਜਲਵਾਯੂ ਬਦਲਾਅ ਕਾਰਨ ਮੌਸਮ 'ਤੇ ਪੈ ਰਹੇ ਇਹੋ ਜਿਹੇ ਪ੍ਰਭਾਵ ਨੇ ...।ਬਾਗਵਾਨੀ ਕਰਨ ਵਾਲੇ ਕਿਸਾਨਾਂ ਦੇ ਫਲਾਂ ਵਾਲੇ ਰੁਖਾਂ ਦਾ ਬੂਰ ਝੜ ਜਾਂਦਾ ਹੈ !

(ਸਾਰੇ ਹੱਸਦੇ ਹਨ)

**ਸੁਰਜੀਤ:** ਮੈਨੂੰ ਤਾਂ ਸਮਝ ਨਹੀਂ ਆ ਰਿਹਾ ਕਿ ਐਨਾ ਕਿੰਨਾ ਕੁ ਤਾਪਮਾਨ ਵੱਧ ਗਿਆ, ਜਿਹੜੀਆਂ ਐਨੀਆਂ ਸਾਰੀਆਂ ਮੁਸੀਬਤਾਂ ਇਕੱਠੀਆਂ ਹੀ ਆਉਣ ਲੱਗ ਗਈਆਂ......!

**ਕੇਸ਼ਵ:** ਸਾਲ 1880 ਦੇ ਬਾਅਦ ਤੋਂ ਹੁਣ ਤਕ ਧਰਤੀ ਦਾ ਤਾਪਮਾਨ 0.8 ਡਿਗਰੀ ਸੈਲਸੀਅਸ ਵਧ ਗਿਆ ਹੈ...ਅਤੇ...

**ਸੁਰਜੀਤ(ਟੋਕ ਕੇ):** ਬਸ...ਐਨਾ ਕੁ ਹੀ ... ਤੇ ਐਨੀਆਂ ਸਾਰੀਆਂ ਆਫ਼ਤਾਂ... ? ਸਾਡੇ ਸ਼ਹਿਰ ਦਾ ਤਾਪਮਾਨ ਤਾਂ ਕਦੀ-ਕਦੀ ਅਚਾਨਕ 5-6 ਡਿਗਰੀ ਉੱਪਰ ਚੜ੍ਹ ਜਾਂਦਾ ਹੈ... ਅਤੇ ਕਦੇ-ਕਦੇ ਡਿੱਗ ਵੀ ਜਾਂਦਾ ਹੈ...

**ਰਾਹੁਲ:** ਹਾਂ ! ਪਰ ਕੋਈ ਵੱਡਾ ਪ੍ਰਭਾਵ ਤਾਂ ਨਜ਼ਰ ਨਹੀਂ ਆਇਆ ਕਦੇ ਬਸ ਥੋੜ੍ਹੀ ਜਿਹੀ ਗਰਮੀ ਜਾਂ ਸਰਦੀ ਵਧਦੀ ਹੈ!

**ਧਨਵੰਤ:** ਸ਼ਹਿਰ ਜਾ ਕਿਸੇ ਇਲਾਕੇ ਦੇ ਤਾਪਮਾਨ ਦਾ ਸਬੰਧ ਹੁੰਦਾ ਹੈ ਮੌਸਮ ਨਾਲ ਜੋ ਹੁੰਦਾ ਹੈ ਅਲਪ ਕਾਲ ਬਦਲਾਅ! ਪਰ ਅਸੀਂ ਗੱਲ ਕਰ ਰਹੇ ਹਾਂ ਜਲਵਾਯੂ ਦੀ...ਅਤੇ ਉਹ ਵੀ ਪੂਰੀ ਧਰਤੀ ਦੇ ਜਲਵਾਯੂ ਦੀ...

**ਸੁਰਜੀਤ:** ਅੱਛਾ ! ਇਹ ਤਾਂ ਦੱਸੋ ਜਲਵਾਯੂ ਨਾਮ ਕਿਸ ਬਲਾ ਦਾ ਹੈ ?

**ਸੂਰਜ:** ਜਲਵਾਯੂ ਹੁੰਦਾ ਹੈ ਕਿਸੇ ਥਾਂ ਦੇ ਮੌਸਮ ਵਿੱਚ ਲੰਬੀ ਅਵਧੀ ਦੀਆਂ ਤਬਦੀਲੀਆਂ ਦੀ ਔਸਤ! ਜਲਵਾਯੂ ਜਾ ਪੂਰੀ ਧਰਤੀ ਦੇ ਔਸਤ ਤਾਪਮਾਨ ਵਿਚ ਥੋੜ੍ਹਾ ਜਿਹਾ ਹੇਰ-ਫੇਰ ਵੀ ਬਹੁਤ ਜ਼ਿਆਦਾ ਪ੍ਰਭਾਵ ਪਾਉਂਦਾ ਹੈ ...।

**ਰਾਹੁਲ:** ਹਾਂ ! ਯਾਦ ਆਇਆ! ਮੈਂ ਪੜ੍ਹਿਆ ਹੈ ਕਿ ਧਰਤੀ ਦਾ ਔਸਤ ਤਾਪਮਾਨ ਇਕ ਜਾਂ ਦੋ ਡਿਗਰੀ ਸੈਲਸੀਅਸ ਘਟਣ ਨਾਲ ਹੀ ਧਰਤੀ 'ਤੇ ਬਰਫ਼ ਯੁੱਗ ਆ ਗਿਆ ਸੀ... ਹਰ ਜਗ੍ਹਾ ਬਰਫ਼ ਜੰਮ ਗਈ ਸੀ...।

**ਕੇਸ਼ਵ:** ਹਾਂ...ਲਗਭਗ 20 ਹਜ਼ਾਰ ਸਾਲ ਪਹਿਲਾਂ $5^0$ (ਡਿਗਰੀ) ਸੈਲਸੀਅਸ ਤਾਪਮਾਨ ਡਿੱਗਣ ਨਾਲ ਪੂਰੇ ਉੱਤਰੀ ਅਮਰੀਕਾ ‘ਤੇ ਬਰਫ਼ ਦੀ ਮੋਟੀ ਚਾਦਰ ਵਿਛ ਗਈ ਸੀ...। ਤਬਾਹੀ... ਭੱਜ-ਦੌੜ... ਮੱਚ ਗਈ ਸੀ...।

**ਸੁਰਜੀਤ:** ਇਸ ਤਰ੍ਹਾਂ ਤਾਂ ਤਾਪਮਾਨ ਵਧਣ ਨਾਲ ਵੀ ਬਹੁਤ ਕੁਝ ਹੋ ਸਕਦਾ ਹੈ... (ਨਾਟਕੀ ਅੰਦਾਜ਼ ਵਿਚ) ਤਬਾਹੀ-ਮੱਚ ਸਕਦੀ ਹੈ...ਭਾਜੜ ਪੈ ਸਕਦੀ ਹੈ !

(ਸਾਰੇ ਹੱਸਦੇ ਹਨ)

**ਧਨਵੰਤ:** ਸੁਰਜੀਤ, ਬਹੁਤੇ ਅਧਿਐਨਾਂ ਤੇ ਅਨੁਮਾਨਾਂ ਅਨੁਸਾਰ ਇੱਕੀਵੀਂ ਸਦੀ ਦੇ ਅੰਤ ਤਕ ਧਰਤੀ ਦਾ ਔਸਤ ਤਾਪਮਾਨ ਦੋ ਤੋਂ ਛੇ ਡਿਗਰੀ ਸੈਲਸੀਅਸ ਵਧ ਸਕਦਾ ਹੈ...। ਜਿਸ ਨਾਲ...

**ਸੁਰਜੀਤ:** ਦੋ ਡਿਗਰੀ ਵੀ ਤੇ ਛੇ ਡਿਗਰੀ ਵੀ...ਐਨਾ ਫਰਕ ...?

**ਰਾਹੁਲ:** ਮਤਲਬ ਕਿ ਜੇ ਅਸੀਂ ਸੁਧਰ ਗਏ ਤਾਂ ਦੋ ਡਿਗਰੀ...ਨਾ ਸੁਧਰੇ... ਤਾਂ ਛੇ ਡਿਗਰੀ ...।

(ਸਾਰੇ ਹੱਸਦੇ ਹਨ)

**ਸੂਰਜ:** ਹਾਂ...ਇਹ ਤਾਂ ਸੋਲ੍ਹਾਂ ਆਨੇ ਸੱਚ ਹੈ...।ਵਧਦੀ ਗਰਮੀ ਤੇ ਲੂ ਤੋਂ ਬਿਨਾ... ਹੋਰ ਬਹੁਤ ਕੁਝ ਵੀ ਸਾਨੂੰ ਵਾਰ-ਵਾਰ ਚਿਤਾਵਨੀ ਦੇ ਰਿਹਾ ਹੈ...ਸੁਧਰ ਜਾਓ...ਨਹੀਂ ਤਾਂ ...

**ਸੁਰਜੀਤ:** ਨਹੀਂ ਤਾਂ ਕੀ...

**ਧਨਵੰਤ:** ਨਹੀਂ ਤਾਂ ਵਾਰ-ਵਾਰ ਵੱਡੇ-ਵੱਡੇ ਸਮੁੰਦਰੀ ਤੂਫ਼ਾਨ, ਹਨੇਰੀਆਂ, ਝੱਖੜ, ਤਬਾਹੀ, ਜਾਨ-ਮਾਲ ਦੀ ਭਾਰੀ ਹਾਨੀ!

**ਕੇਸ਼ਵ:** ਠੰਡੇ ਇਲਾਕਿਆਂ ਵਿਚ ਵੀ ਲੂ ...ਹੜ੍ਹ ...ਅਜਿਹੀਆਂ ਮੁਸੀਬਤਾਂ ਵੇਖੀਆਂ ਵੀ ਨਹੀਂ ਲੋਕਾਂ ਨੇ ਕਦੇ ...!

**ਸੂਰਜ:** ਹਾਂ... ਹੁਣ ਤਾਂ ਠੰਡੇ ਦੇਸ਼ਾਂ ਵਿਚ ਵੀ ਲੂ ਚਲਣ ਲੱਗ ਪਈ ਹੈ... ਲੋਕ ਅਤੇ ਸਰਕਾਰਾਂ ਇਸ ਬਦਲਾਅ ਤੋਂ ਪਰੇਸ਼ਾਨ ਹਨ, ਚਿੰਤਾ ਵਿਚ ਹਨ...।

**ਰਾਹੁਲ:** ਪ੍ਰੇਸ਼ਾਨ ਤਾਂ ਹੋਣਗੇ ਹੀ, ਮੁਸੀਬਤ ਇਕਦਮ ਆ ਧਮਕੀ...ਆਰਾਮ ਨਾਲ ਠੰਡੇ-ਠੰਡੇ, ਕੂਲ-ਕੂਲ ਬੈਠੇ ਸੀ...... ਅਚਾਨਕ ਹਮਲਾ ਕਰ ਦਿੱਤਾ ਲੂ ਨੇ ...।

(ਸਾਰੇ ਹੱਸਦੇ ਹਨ)

**ਸੁਰਜੀਤ:** ਬਰਫ਼ ਦੀ ਹਾਲਤ ਤਾਂ ਇਕਦਮ ਪਤਲੀ ਹੋ ਜਾਵੇਗੀ ਫਰਿੱਜ ਵਿਚੋਂ ਕੱਢਣ ਸਾਰ ਪਿਘਲ ਜਾਵੇਗੀ ਫੁਰਰ ਫੁਰਰ!

**ਧਨਵੰਤ:** ਐਨਾ ਤਾਂ ਨਹੀਂ ! ਪਰ ਵਧਦੇ ਤਾਪਮਾਨ ਕਾਰਨ ਧਰੁਵਾਂ ਉੱਤੇ ਜੰਮੀ ਬਰਫ਼ ਪਿਘਲ ਰਹੀ ਹੈ...ਗਲੇਸ਼ੀਅਰ ਸੁੰਗੜ ਰਹੇ ਹਨ... ਕਈ ਖ਼ਤਰੇ ਪੈਦਾ ਹੋ ਗਏ ਹਨ !

**ਸੂਰਜ:** ਲੰਚ ਤਾਂ ਕਰਵਾ ਦਿਓ ! ...ਕੇਸ਼ਵ ਨੂੰ ਭੁੱਖ ਲੱਗੀ ਹੋਵੇਗੀ ... ਸੈਮੀਨਾਰ ‘ਤੇ ਵੀ ਜਾਣਾ ਹੈ...!

**ਧਨਵੰਤ:** ਹਾਂ...ਹਾਂ...ਖਾਣਾ ਤਾਂ ਤਿਆਰ ਹੈ ! ਚੱਲੋ ਸਾਰੇ...ਡਾਈਨਿੰਗ ਟੇਬਲ ’ਤੇ ਬੈਠੋ !

**ਸੁਰਜੀਤ:** ਡਾਈਨਿੰਗ ਟੇਬਲ ‘ਤੇ ਕਰਦੇ ਹਾਂ ਚਰਚਾ, ਜਿਸ ’ਤੇ ਕੋਈ ਨਹੀਂ ਖਰਚਾ...।

(ਸਾਰੇ ਹੱਸਦੇ ਹਨ)

**ਕੇਸ਼ਵ:** ਆਂਟੀ ! ਤੁਹਾਡੇ ਹੱਥਾਂ ਦੇ ਕੜ੍ਹੀ-ਚੌਲਾਂ ਦਾ ਸਵਾਦ ... ਬੱਸ ਓਹੀ ਕਮਾਲ......

**ਰਾਹੁਲ:** ਹਾਂ ਮੰਮੀ, ਜਲਵਾਯੂ ਪਰਿਵਰਤਨ ਦਾ ਵੀ ਇਸ 'ਤੇ ਨਹੀਂ ਕੋਈ ਪ੍ਰਭਾਵ...!

(ਸਾਰੇ ਹੱਸਦੇ ਹਨ)

**ਸੂਰਜ:** ਪਰ ਜਲਵਾਯੂ ਬਦਲਾਅ ਦਾ ਪ੍ਰਭਾਵ ਇਸ ਪਾਣੀ 'ਤੇ ਪੈਣ ਵਾਲਾ ਹੈ, ਜਿਹੜਾ ਬੁਝਾ ਰਿਹਾ ਹੈ ਸਾਡੀ ਪਿਆਸ!

**ਰਾਹੁਲ:** ਉਹ ਕਿਵੇਂ...।

**ਸੂਰਜ:** ਵਧਦੇ ਤਾਪਮਾਨ ਨਾਲ ਦੁਨੀਆ ਭਰ ਦੇ ਗਲੇਸ਼ੀਅਰਾਂ ਦਾ ਅਗਲਾ ਸਿਰਾ...ਯਾਨੀ ਟਿੱਪ ਤਾਂ ਪਿਘਲਦੀ ਜਾ ਰਹੀ ਹੈ, ਪਰ ਘੱਟਦੀ ਬਰਫ਼ਬਾਰੀ ਕਾਰਨ ਓਨੀ ਬਰਫ਼ ਗਲੇਸ਼ੀਅਰਾਂ ਵਿਚ ਜਮ੍ਹਾਂ ਨਹੀਂ ਹੋ ਰਹੀ...।

**ਕੇਸ਼ਵ:** ਇਹੀ ਤਾਂ ਹੈ ਚਿੰਤਾ ! ਗਲੇਸ਼ੀਅਰਾਂ ਦੀ ਬਰਫ਼ ਪਿਘਲਣ ਨਾਲ ਹੀ ਤਾਂ ਆਉਂਦਾ ਹੈ ਨਦੀਆਂ ਵਿੱਚ ਜ਼ਿਆਦਾਤਰ ਪਾਣੀ ! ਤੇ ਮਿਲਦਾ ਹੈ ਪਾਣੀ ਸਾਨੂੰ ਪੀਣ ਦੇ ਲਈ ਵੀ...

**ਧਨਵੰਤ:** ਹਾਂ...ਧਰਤੀ 'ਤੇ ਤਾਜੇ ਪਾਣੀ ਦਾ ਸਭ ਤੋਂ ਵਿਸ਼ਾਲ ਸ੍ਰੋਤ ਤਾਂ ......ਗਲੇਸ਼ੀਅਰ ਹੀ ਨੇ......

**ਸੁਰਜੀਤ:** ਗਲੇਸ਼ੀਅਰ ਪਿਘਲਣ ਨਾਲ ਤਾਂ ਨਦੀਆਂ ਵਿਚ ਜਿਆਦਾ ਪਾਣੀ ਆਵੇਗਾ...ਫਿਰ ਪਾਣੀ ਦੀ ਕਮੀ ਕਿਉਂ ?

(ਸਾਰੇ ਹੱਸਦੇ ਹਨ)

**ਸੂਰਜ:** ਸ਼ੁਰੂਆਤ ਵਿਚ ਨਦੀਆਂ ਵਿਚ ਜ਼ਿਆਦਾ ਪਾਣੀ ਆਵੇਗਾ, ਹੜ੍ਹ ਆਉਣਗੇ, ਤਬਾਹੀ ਮੱਚੇਗੀ... ਪਰ ਕਈ ਸਾਲਾਂ ਬਾਅਦ ਗਲੇਸ਼ੀਅਰ ਐਨੇ ਸੁੰਗੜ ਜਾਣਗੇ... ਬਰਫ਼ ਐਨੀ ਘਟ ਜਾਵੇਗੀ...

**ਧਨਵੰਤ:** ਕਿ ਨਦੀਆਂ ਨੂੰ ਪਾਣੀ ਮਿਲਣਾ ਦੁੱਭਰ ਹੋ ਜਾਏਗਾ... ਨਦੀਆਂ ਹੌਲੀ-ਹੌਲੀ ਸੁੱਕ ਵੀ ਸਕਦੀਆਂ ਨੇ...। ਪਾਣੀ ਦਾ ਕਾਲ ਵੀ ਪੈ ਸਕਦਾ ਹੈ...।

**ਸੁਰਜੀਤ:** ਕੀ ਇਹ ਗਲੇਸ਼ੀਅਰ ਸੱਚ-ਮੁੱਚ ਐਨੀ ਤੇਜ਼ੀ ਨਾਲ ਸੁੰਗੜ ਰਹੇ ਹਨ...।

**ਧਨਵੰਤ:** ਅੰਤਰਰਾਸ਼ਟਰੀ ਅਧਿਐਨ ਦਸਦੇ ਨੇ ਕਿ ਦੁਨੀਆਂ ਦੇ ਪਹਾੜਾਂ,ਇੰਡੀਜ਼, ਐਲਪਸ, ਹਿਮਾਲਿਆ ਦੇ ਗਲੇਸ਼ੀਅਰਾਂ ਦੇ ਸੁੰਗੜਣ ਦੀ ਦਰ ਲਗਾਤਾਰ ਵਧ ਰਹੀ ਹੈ...ਪਿਛਲੇ ਦਹਾਕੇ ਦੇ ਮੁਕਾਬਲੇ ਇਹ ਦੁੱਗਣੀ ਹੋ ਗਈ...!

**ਸੂਰਜ:** ਦੁਨੀਆਂ ਦੇ ਪ੍ਰਮੁੱਖ ਗਲੇਸ਼ੀਅਰਾਂ ਦੀ ਬਰਫ਼ ਦੀ ਮੋਟੀ ਚਾਦਰ ਵਿਚ ਔਸਤਨ ਅੱਧੇ ਤੋਂ ਇਕ ਮੀਟਰ ਤਕ ਦੀ ਕਮੀ ਹਰ ਸਾਲ ਹੋ ਰਹੀ ਹੈ ਜਿਹੜੀ ਪਿਛਲੀ ਸਦੀ ਦੀ ਔਸਤ ਨਾਲੋਂ ਲੱਗਭਗ ਤਿਗੁਣੀ ਹੈ!

**ਕੇਸ਼ਵ:** ਸੰਕਟ ਤਾਂ ਗੰਭੀਰ ਹੈ...! ਗੰਗਾ ਨਦੀ ਦੇ ਗਲੇਸ਼ੀਅਰ ਦਾ ਵੀ ਹਾਲ ਸਾਡੇ ਸਾਹਮਣੇ ਹੈ !

**ਧਨਵੰਤ:** ਹਾਂ ! ਉਸਦਾ ਤਾਂ ਹਾਲ ਵੀ ਤੇ ਚਾਲ ਵੀ ਗੜਬੜ ਹੈ...ਪਿਛਲੇ 200 ਸਾਲਾਂ ਵਿੱਚ ਗੰਗੋਤਰੀ ਗਲੇਸ਼ੀਅਰ ਲਗਭਗ ਤਿੰਨ ਕਿਲੋਮੀਟਰ ਸੁੰਗੜ ਗਿਆ,1971 ਪਿਛੋਂ ਇਸਦੇ ਸੁੰਗੜਣ ਦੀ ਰਫ਼ਤਾਰ ਤੇਜ਼ ਹੋ ਗਈ ...ਹਰ ਸਾਲ ਇਸਦੀ ਲੰਬਾਈ ਔਸਤਨ 22 ਮੀਟਰ ਘੱਟ ਰਹੀ ਹੈ...।

(ਸਾਰੇ ਹੱਸਦੇ ਹਨ)

**ਰਾਹੁਲ:** ਗਲੇਸ਼ੀਅਰਸ ਪਿਘਲਣ ਨਾਲ ਨਦੀਆਂ ਵਿਚ ਆਉਂਦਾ ਐਨਾ ਪਾਣੀ ਜਾ ਕਿਥੇ ਰਿਹਾ ਹੈ...?

**ਕੇਸ਼ਵ:** ਉਥੇ, ਜਿੱਥੇ ਜਾਂਦੀਆਂ ਨੇ ਨਦੀਆਂ ...ਭਾਵ ਸਮੁੰਦਰ ਵਿਚ...!

**ਧਨਵੰਤ:** ਇਹ ਕਦੇ ਤਾਂ ਹੜ੍ਹ ਲਿਆ ਦਿੰਦਾ ਹੈ,ਪਰ ਬਹੁਤਾ ਸਾਗਰਾਂ ਵਿੱਚ ਜਾਕੇ ਕਰਦਾ ਹੈ ਉਨ੍ਹਾਂਦੇ ਜਲ-ਪੱਧਰ ਨੂੰ ਉੱਚਾ !

**ਸੁਰਜੀਤ:** ਹੈਂ! ਧਰਤੀ ਗਰਮਾਉਣ ਨਾਲ ਐਨੀਆਂ ਆਫ਼ਤਾਂ ?

**ਧਨਵੰਤ:** ਹਾਂ ! ਹਰੀ-ਭਰੀ ਇਸ ਧਰਤੀ ਦਾ ਵਾਤਾਵਰਨ ਤਾਂ ਸੱਤ-ਸੁਰਾਂ ਦਾ ਸੰਗੀਤ ਹੈ... ਇਕ ਤਾਰ ਨੂੰ ਛੇੜਾਂਗੇ ਤਾਂ ਪੂਰਾ ਸੰਗੀਤ ਹਿੱਲ ਜਾਵੇਗਾ... ਸੁਰ ਬਿਖਰ ਜਾਣਗੇ...।

**ਸੂਰਜ:** ਵਾਹ...ਵਾਹ...ਕਿਆ ਬਾਤ ਹੈ ...ਤਾੜੀਆਂ ਤਾਂ ਬਣਦੀਆਂ ਹੀ ਹਨ...!

(ਸਾਰੇ ਤਾੜੀਆਂ ਵਜਾਉਂਦੇ ਹਨ)

**ਧਨਵੰਤ:** ਪਿਛਲੀ ਸਦੀ ਵਿਚ ਸਾਗਰਾਂ ਦਾ ਜਲ-ਪੱਧਰ ਕਰੀਬ 8 ਇੰਚ ਵਧ ਗਿਆ! ਇਹ ਦਰ ਲਗਾਤਾਰ ਵਧ ਰਹੀ ਹੈ!

**ਸੁਰਜੀਤ:** ਤਾਂ ਤੇ ਕਈ ਦੀਪ... ਕਈ ਦੇਸ਼...ਸਾਗਰ ਦੇ ਤੱਟੀ ਸ਼ਹਿਰ ਹਮੇਸ਼ਾ ਲਈ ਸਮੁੰਦਰ ਮਗਨ ਹੋ ਸਕਦੇ ਹਨ!

**ਧਨਵੰਤ:** ਹਾਂ...ਅਗਲੀ ਸਦੀ ਵਿਚ ਇਹ ਪੱਧਰ ਦੋ ਮੀਟਰ ਤਕ ਚੜ੍ਹ ਸਕਦਾ ਹੈ... ਮਾਲਦੀਪ ਦੁਨੀਆਂ ਦੇ ਨਕਸ਼ੇ ਤੋਂ ਗਾਇਬ ਹੋ ਸਕਦਾ ਹੈ... ਬੰਗਲਾਦੇਸ਼ ਦਾ ਕਾਫੀ ਹਿੱਸਾ ਡੁੱਬ ਸਕਦਾ ਹੈ। ਭਾਰਤ ਦੇ ਮੁੰਬਈ, ਗੋਆ, ਚੇਨੱਈ ਦੇ ਸਮੁੰਦਰ ਤਟੀ ਇਲਾਕੇ ਡੁੱਬ ਸਕਦੇ ਹਨ...!

**ਸੂਰਜ:** ਤਾਪਮਾਨ ਵਧਣ ਨਾਲ ਸਾਗਰਾਂ ਦਾ ਜਲ ਫੈਲਦਾ ਵੀ ਹੈ...ਥਰਮਲ ਐਕਸਪੈਂਸ਼ਨ ਕਹਿੰਦੇ ਹਨ ਇਸਨੂੰ... ਇਹ ਵਿਗਿਆਨਕ ਸੱਚ ਵੀ ਹੈ ਇਕ ਕਾਰਨ ਸਾਗਰਾਂ ਦੇ ਜਲ-ਪਧਰ ਦੇ ਵੱਧਣ ਦਾ...!

**ਸੁਰਜੀਤ:** ਪਰ ਜੜ੍ਹ ਤਾਂ ਹੈ...ਤਾਪਮਾਨ ਵਧਣਾ...ਧਰਤੀ ਦਾ ਗਰਮਾਉਣਾ...!

**ਰਾਹੁਲ:** ਇਹ ਤਾਪਮਾਨ ਵਧ ਕਿਉਂ ਰਿਹਾ ਹੈ...ਧਰਤੀ ਗਰਮ ਕਿਉਂ ਹੋ ਰਹੀ ਹੈ...?

**ਸੂਰਜ:** ਸੈਮੀਨਾਰ ਵਿਚ ਚੱਲੋ ਵਿਦਿਆਰਥੀਆਂ ਨਾਲ ਸ਼ੈਸ਼ਨ ਵਿਚ ਤੁਹਾਨੂੰ ਸਾਰੀਆਂ ਗੱਲਾਂ ਦਾ ਪਤਾ ਲੱਗ ਜਾਏਗਾ...।

**ਸੁਰਜੀਤ:** ਓ.ਕੇ... ਤਾਂ ਚੱਲਦੇ ਹਾਂ... !

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ-3

(ਕਈ ਲੋਕਾਂ ਦੇ ਗੱਲ-ਬਾਤ ਦੇ ਸੁਰ... ਵਿਦਿਆਰਥੀਆਂ ਦੀਆਂ ਅਵਾਜ਼ਾਂ)

**ਸੂਰਜ:** ਕ੍ਰਿਪਾ ਕਰਕੇ ਸਾਰੇ ਆਪਣੀਆਂ ਸੀਟਾਂ 'ਤੇ ਬੈਠ ਜਾਓ... ਜਲਵਾਯੂ ਬਦਲਾਅ ਦੇ ਵਿਸ਼ੇ ਦੇ ਇਸ ਸੈਮੀਨਾਰ ਵਿਚ ਸਾਰਿਆਂ ਦਾ ਸੁਆਗਤ ਹੈ...। ਮੇਰੇ ਨਾਲ ਹਨ ਡਾ. ਆਕਾਸ਼...ਤੁਸੀਂ ਆਪਣੇ ਸਵਾਲ ਬਿਨਾਂ ਕਿਸੇ ਝਿਜਕ ਦੇ... ਬਿਨਾਂ ਕਿਸੇ ਸੰਕੋਚ ਦੇ ਸਾਡੇ ਕੋਲੋਂ ਪੁੱਛ ਸਕਦੇ ਹੋ...ਹੁਣ ਡਾ.ਆਕਾਸ਼ ਤੁਹਾਡੇ ਨਾਲ ਚਰਚਾ ਕਰਨਗੇ !

**ਆਕਾਸ਼:** ਸਾਨੂੰ ਪਤਾ ਹੈ ਕਿ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ! ਇਹ ਗ੍ਰੀਨ ਹਾਊਸ ਯਾਨੀ ਹਰਿਤ ਘਰ ਪ੍ਰਭਾਵ ਦੇ ਹੋ ਰਹੇ ਲਗਾਤਾਰ ਵਾਧੇ ਦੇ ਕਾਰਨ ਹੈ ! ਗ੍ਰੀਨ ਹਾਊਸ ਕੀ ਹੈ... ਕਿਸੇ ਨੇ ਦੇਖਿਆ ਹੈ... ਕੋਈ ਦੱਸੇਗਾ...?

**ਸੁਰਜੀਤ:** ਸਰ... ਗ੍ਰੀਨ ਹਾਊਸ ਇਕ ਵੱਡਾ ਕਮਰਾ ਜਾਂ ਹਾਲ ਹੁੰਦਾ ਹੈ... ਜਿਸਦੀਆਂ ਕੰਧਾਂ ਅਤੇ ਛੱਤ ਕੱਚ ਜਾਂ ਪਲਾਸਟਿਕ ਤੋਂ ਬਣੀਆਂ ਹੁੰਦੀਆਂ ਹਨ... ਇਸਦੇ ਅੰਦਰ ਤਰ੍ਹਾਂ-ਤਰ੍ਹਾਂ ਦੇ ਪੌਦੇ ਉਗਾਏ ਜਾਂਦੇ ਹਨ...।

**ਆਕਾਸ਼:** ਸ਼ਾਬਾਸ਼... ਬਿਲਕੁਲ ਠੀਕ...! ਤਾੜੀਆਂ...

**ਸੂਰਜ:** ਵਿਦਿਆਰਥਿਓ, ਤੁਹਾਡੇ ਵਿਚੋਂ ਜਿਹੜਾ ਵੀ ਵਧੀਆ ਜਵਾਬ ਦੇਏਗਾ ਜਾਂ ਵਧੀਆ ਸਵਾਲ ਪੁੱਛੇਗਾ ਅਸੀਂ ਉਸਦਾ

ਸੁਆਗਤ ਤਾੜੀਆਂ ਨਾਲ ਕਰਾਂਗੇ... ਜ਼ੋਰਦਾਰ ਤਾੜੀਆਂ ਨਾਲ... ਇਸ ਵਿਚ ਕੋਈ ਕੰਜੂਸੀ ਨਾ ਹੋਵੇ...!

(ਜ਼ੋਰਦਾਰ ਤਾੜੀਆਂ)

**ਆਕਾਸ਼:** ਗ੍ਰੀਨ ਹਾਊਸ ਦੀਆਂ ਕੱਚ ਦੀਆਂ ਦੀਵਾਰਾਂ ਰਾਹੀਂ ਸੂਰਜੀ ਕਿਰਨਾਂ ਅੰਦਰ ਤਾਂ ਆ ਜਾਂਦੀਆਂ ਨੇ ਪਰ ਗਰਮੀ ਬਾਹਰ ਨਹੀਂ ਜਾਂਦੀ ! ਇਸ ਕਰਕੇ ਇਹ ਗਰਮ ਰਹਿੰਦਾ ਹੈ...। ਜ਼ਿਆਦਾ ਗਰਮ ਹੋਣ ਤੇ ਇਸਨੂੰ ਠੰਡਾ ਕਰਨ ਲਈ ਸਾਰੇ ਦਰਵਾਜ਼ੇ ਖੋਲ੍ਹਣੇ ਪੈਂਦੇ ਹਨ... ਜਾਂ ਐਗਜ਼ਾਸਟ ਚਲਾਉਣਾ ਪੈਂਦਾ ਹੈ...।

**ਸੂਰਜ:** ਹਾਂ... ਸੂਰਜ ਦੀਆਂ ਕਿਰਨਾਂ ਸਾਡੀ ਧਰਤੀ ਨੂੰ ਗਰਮ ਕਰ ਰਹੀਆਂ ਹਨ... ਲੇਕਿਨ ਇਸਦੀ ਗਰਮੀ ਸਾਡੇ ਵਾਯੂਮੰਡਲ ਵਿਚੋਂ ਪੂਰੀ ਤਰ੍ਹਾਂ ਬਾਹਰ ਨਹੀਂ ਜਾ ਰਹੀ, ਜਿਸ ਕਰਕੇ ਧਰਤੀ ਗਰਮ ਹੋ ਰਹੀ ਹੈ... ਮਤਲਬ ਕਿ ਸਾਡੀ ਧਰਤੀ ਗ੍ਰੀਨ ਹਾਊਸ ਬਣਦੀ ਜਾ ਰਹੀ ਹੈ...।

**ਸੌਰਭ:** ਸਰ...ਮੈਂ ਹਾਂ ਸੌਰਭ... ਜੇਕਰ ਸਾਡੀ ਧਰਤੀ ਗ੍ਰੀਨ ਹਾਊਸ ਹੈ ਤਾਂ ਇਸ ਦੀ ਕੱਚ ਦੀ ਛੱਤ, ਕੱਚ ਦੀਆਂ ਦੀਵਾਰਾਂ... ਕਿੱਥੇ ਨੇ ? ਸਾਨੂੰ ਦਿਖਾਈ ਕਿਉਂ ਨਹੀਂ ਦਿੰਦੀਆਂ?

**ਆਕਾਸ਼:** ਬਹੁਤ ਵਧੀਆ ਪ੍ਰਸ਼ਨ...ਸ਼ਾਬਾਸ਼ ਸੌਰਭ... ਸੌਰਭ ਲਈ ਤਾੜੀਆਂ ...

(ਜ਼ੋਰਦਾਰ ਤਾੜੀਆਂ)

**ਆਕਾਸ਼:** ਧਰਤੀ ਦੀ ਕੱਚ ਦੀ ਦੀਵਾਰ ਦਾ ਕੰਮ ਕਰਦੀਆਂ ਹਨ ਕੁਝ ਗੈਸਾਂ ਜਿਵੇਂ ਕਾਰਬਨ ਡਾਈਆਕਸਾਈਡ, ਮੀਥੇਨ, ਨਾਈਟਰਸ ਆਕਸਾਈਡ, ਓਜ਼ੋਨ, ਕਲੋਰੋਫਲੋਰੋ ਕਾਰਬਨਜ਼, ਪਾਣੀ ਦੇ ਵਾਸ਼ਪ ਆਦਿ। ਇਨ੍ਹਾਂ ਦੀ ਇਕ ਮੋਟੀ ਪਰਤ ਬਣੀ ਹੋਈ ਹੈ ਜੋ ਕਰਦੀ ਹੈ ਕੰਮ ਕੱਚ ਦੀ ਦੀਵਾਰ ਜਿਹਾ !

**ਸੁਰਜੀਤ:** ਅੱਛਾ ! ਸੂਰਜ ਦੀ ਗਰਮੀ ਅੰਦਰ ਆਉਂਦੀ ਹੈ...ਪਰ ਬਾਹਰ ਨਹੀਂ ਜਾਂਦੀ......

**ਆਕਾਸ਼:**ਸਾਰੀ ਗਰਮੀ ਅੰਦਰ ਨਹੀਂ ਰਹਿੰਦੀ, ਕੁੱਝ ਬਾਹਰ ਵੀ ਜਾਂਦੀ ਹੈ, ਪਰ ਪਿਛਲੇ ਕੁਝ ਸਾਲਾਂ ਤੋਂ ਅੰਦਰ ਰਹਿਣ ਵਾਲੀ ਗਰਮੀ ਦੀ ਮਾਤਰਾ ਵਧਣ ਕਰਕੇ ਧਰਤੀ ਦੀ ਗਰਮਾਹਟ ਵੀ ਹੌਲੀ-ਹੌਲੀ ਪਕੜਦੀ ਜਾ ਰਹੀ ਹੈ ਜੋਰ !

**ਸੁਰਜੀਤ:** ਇਕ ਸਵਾਲ !

**ਆਕਾਸ਼:** ਹਾਂ...ਹਾਂ...ਬੋਲੋ ......

(ਸਾਰੇ ਹੱਸਦੇ ਹਨ)

**ਸੁਰਜੀਤ:**ਸਰ, ਤੁਹਾਡੀਆਂ ਗੱਲਾਂ ਤੋਂ ਤਾਂ ਅਜਿਹਾ ਲੱਗ ਰਿਹਾ ਹੈ ਕਿ ਗ੍ਰੀਨ ਹਾਊਸ ਪ੍ਰਭਾਵ ਤਾਂ ਪਹਿਲਾਂ ਤੋਂ ਹੀ ਸੀ...ਪਰ ਇਸ ਵਿਚ ਆਏ ਬਦਲਾਅ ਕਾਰਨ ਪਰੇਸ਼ਾਨੀ ਹੋ ਰਹੀ ਹੈ...।

**ਆਕਾਸ਼:** ਹਾਂ...ਬਿਲਕੁਲ ਠੀਕ...ਵਧੀਆ ਪ੍ਰਸ਼ਨ... ਸੁਰਜੀਤ ਵਾਸਤੇ ਤਾੜੀਆਂ...

(ਤਾੜੀਆਂ)

**ਸੂਰਜ:** ਗ੍ਰੀਨ ਹਾਊਸ ਪ੍ਰਭਾਵ ਕਾਰਨ ਧਰਤੀ ਦਾ ਔਸਤ ਤਾਪਮਾਨ ਬਣਿਆ ਹੋਇਆ ਹੈ 15 ਡਿਗਰੀ ਸੈਲਸੀਅਸ ਜਿਸ ਕਰਕੇ ਇਸ ਧਰਤੀ ਉੱਤੇ ਜੀਵਨ, ਪਸ਼ੂ-ਪੰਛੀ , ਹਰਿਆਲੀ ਤੇ ਹੋਰ ਜੈਵਿਕ ਸੰਸਾਰ ਬਿਰਾਜਮਾਨ ਹੈ ! ਗ੍ਰੀਨ ਹਾਊਸ ਗੈਸਾਂ ਕਾਰਨ ਇਹ ਪ੍ਰਭਾਵ ਨਾ ਹੁੰਦਾ...ਤੇ ਧਰਤੀ 'ਤੇ ਆਉਂਦੀ ਸਾਰੀ ਗਰਮੀ ਚਲੀ ਜਾਂਦੀ ਵਾਪਸ ਤਾਂ ਚੰਦਰਮਾ ਦੀ ਤਰ੍ਹਾਂ

ਧਰਤੀ 'ਤੇ ਰਾਤ ਵੇਲੇ ਐਨੀ ਠੰਡ ਹੋ ਜਾਂਦੀ ਕਿ ਜੀਵਨ ਹੋ ਜਾਂਦਾ ਅਸੰਭਵ। ਧਰਤੀ ਵੀ ਰਹਿ ਜਾਂਦੀ ਸੁੰਨੀ!

**ਸੌਰਭ:** ਤਦ ਤਾਂ ਸਾਨੂੰ ਗ੍ਰੀਨ ਹਾਊਸ ਗੈਸਾਂ ਨੂੰ ਧੰਨਵਾਦ ਕਰਨਾ ਚਾਹੀਦਾ ਹੈ......

**ਆਕਾਸ਼:** ਹਾਂ ! ਪਰ ਅਤਿ ਕਿਸੇ ਵੀ ਚੀਜ ਦੀ ਹੁੰਦੀ ਹੈ ਬੁਰੀ! ਗ੍ਰੀਨ ਹਾਊਸ ਗੈਸਾਂ ਦੀ ਵਧਦੀ ਮਾਤਰਾ ਕਾਰਨ ਧਰਤੀ ਐਨੀ ਹੋ ਜਾਏਗੀ ਗਰਮ, ਕਿ ਇਥੇ ਜੀਵਨ ਹੋ ਜਾਵੇਗਾ ਖਤਮ ! ਇਹ ਹੱਸਦੀ-ਵੱਸਦੀ ਧਰਤੀ ਆਪਣੇ 450 ਡਿਗਰੀ ਸੈਲਸੀਅਸ ਤਾਪਮਾਨ ਵਾਲੇ ਗੁਆਂਢੀ ਸ਼ੁੱਕਰ ਗ੍ਰਹਿ ਵਾਂਗੂ ਵੀਰਾਨ ਹੋ ਜਾਵੇਗੀ !

**"ਅਤਿ ਨਾ ਬਹੁਤਾ ਬਰਸਣਾ, ਅਤਿ ਨਾ ਬਹੁਤੀ ਧੁੱਪ, ਅਤਿ ਨਾ ਬਹੁਤਾ ਬੋਲਣਾ , ਅਤਿ ਨਾ ਬਹੁਤੀ ਚੁੱਪ"।**

**ਸੁਰਜੀਤ:** ਕੀ ਤਪਸ ਲਈ ਸਾਰੀਆਂ ਗ੍ਰੀਨ ਹਾਊਸ ਗੈਸਾਂ ਬਰਾਬਰ ਦੀਆਂ ਜਿੰਮੇਵਾਰ ਨੇ ਜਾ ਕੋਈ ਘੱਟ, ਕੋਈ ਵੱਧ?

**ਆਕਾਸ਼:** ਕਾਰਬਨ ਡਾਈਆਕਸਾਈਡ ਦੀ ਭੂਮਿਕਾ ਸਭ ਤੋਂ ਵੱਧ ਅਹਿਮ ਹੈ, 75% ਜਿੰਮੇਵਾਰੀ ਤਾਂ ਇਸੇਦੀ ਹੈ! ਮੀਥੇਨ ਦੀ ਹੈ 14%, ਨਾਈਟਰਸ ਆਕਸਾਈਡ ਦੀ 8% ਤੇ 1% ਹੈ ਕਲੋਰੋਫਲੋਰੋ ਕਾਰਬਨਾਂ ਦੀ !

**ਸੌਰਭ:** ਸਰ, ਤਾਂ ਤੇ ਕਾਰਬਨ ਡਾਈਆਕਸਾਈਡ ਨੂੰ ਕਾਬੂ ਕਰਕੇ ਇਹ ਸਮੱਸਿਆ ਖਤਮ ਕੀਤੀ ਜਾ ਸਕਦੀ ਹੈ......

**ਸੁਰਜੀਤ:** ਕਾਰਬਨ ਡਾਈਆਕਸਾਈਡ ਕੋਈ ਚਿੜੀ ਹੈ? ਜਿਸਨੂੰ ਬੰਦ ਕਰ ਲਓ ਪਿੰਜਰੇ ਵਿਚ, ਬਸ ਮਾਮਲਾ ਖਤਮ!

(ਸਾਰੇ ਹੱਸਦੇ ਹਨ)

**ਸੂਰਜ:** ਪਰ ਇਹ ਸਮਝਣ ਦੀ ਤਾਂ ਲੋੜ ਹੈ ਹੀ ਕਿ ਹਵਾ ਵਿਚ ਇਸ ਹਾਨੀਕਾਰਕ ਕਾਰਬਨ ਡਾਈਆਕਸਾਈਡ ਗੈਸ ਦੀ ਮਾਤਰਾ ਵਧਦੀ ਕਿਉਂ ਜਾ ਰਹੀ ਹੈ...? ਕੀ ਅਸੀਂ ਇਸਦੇ ਸ੍ਰੋਤਾਂ ਉੱਤੇ ਰੋਕ ਲਗਾ ਸਕਦੇ ਹਾਂ?

**ਆਕਾਸ਼:** ਹਾਂ ! ਵਾਤਾਵਰਨ ਵਿਚਲੀ ਕਾਰਬਨ ਡਾਈਆਕਸਾਈਡ ਦਾ ਸਭ ਤੋਂ ਵੱਡਾ ਸ੍ਰੋਤ ਪਥਰਾਟੀ ਬਾਲਣ ਪੈਟਰੋਲ, ਡੀਜ਼ਲ, ਕੋਲਾ, ਐਲ.ਪੀ.ਜੀ. ਤੇ ਲੱਕੜੀ ਆਦਿ ਹਨ ।ਵਧਦੇ ਉਦਯੋਗੀਕਰਨ ਤੇ ਸ਼ਹਿਰੀਕਰਨ ਨੇ ਵਧਾ ਦਿੱਤੀ ਹੈ ਊਰਜਾ ਦੀ ਮੰਗ ! ਵਧ ਗਈ ਇਨ੍ਹਾਂ ਬਾਲਣਾਂ ਦੀ ਖਪਤ , ਵਧ ਗਈ ਗਲੋਬਲ ਵਾਰਮਿੰਗ ਵੀ।

**ਸੁਰਜੀਤ:** ਸਰ, ਬਾਕੀ ਗ੍ਰੀਨ ਹਾਊਸ ਗੈਸਾਂ ਕਿਥੋਂ ਆਉਂਦੀਆਂ ਨੇ... ?

**ਆਕਾਸ਼:** ਨਾਈਟਰਸ ਆਕਸਾਈਡ ਨਿਕਲਦੀ ਹੈ ਪਥਰਾਟੀ ਬਾਲਣਾਂ, ਨਾਈਟ੍ਰੋਜਨੀ ਖਾਦਾਂ ਤੇ ਵਾਹਨਾਂ ਵਿੱਚਲੇ ਕੈਟੇਲਿਟਿਕ ਕਨਵਰਟਰਾਂ 'ਚੋਂ ! ਮੀਥੇਨ ਗੈਸ ਮੁੱਖ ਤੌਰ 'ਤੇ ਨਿਕਲਦੀ ਹੈ ਝੋਨੇ ਦੇ ਖੇਤਾਂ ਵਿਚੋਂ ਤੇ ਜੁਗਾਲੀ ਕਰਨ ਵੇਲੇ ਪਸ਼ੂ ਵੀ ਛੱਡਦੇ ਨੇ ਮੀਥੇਨ। ਕਲੋਰੋ-ਫਲੋਰੋ ਕਾਰਬਨ ਦਾ ਮੁੱਖ ਸ੍ਰੋਤ ਨੇ ਏਅਰ ਕੰਡੀਸ਼ਨਰ ਅਤੇ ਫਰਿੱਜ ਆਦਿ !

**ਸੂਰਜ:** ਸਾਨੂੰ ਸਭ ਤੋਂ ਪਹਿਲਾਂ ਰੋਕ ਲਗਾਉਣ ਦੀ ਲੋੜ ਹੈ, ਵੱਧ ਰਹੀ ਕਾਰਬਨ ਡਾਈਆਕਸਾਈਡ 'ਤੇ , ਪੂਰੀ ਤਾਕਤ ਦੇ ਨਾਲ! ਵਾਯੂਮੰਡਲ ਵਿਚ ਇਸਦੀ ਮਾਤਰਾ ਹੈ 405 ਪੀ.ਪੀ.ਐੱਮ. !

**ਆਕਾਸ਼:** ਪੀ.ਪੀ.ਐੱਮ. ਮਤਲਬ 'ਪਾਰਟਸ ਪਰ ਮਿਲੀਅਨ'......405 ਪੀ.ਪੀ.ਐੱਮ. ਭਾਵ 0.04 %

**ਸੁਰਜੀਤ:** ਸਰ, ਅਸੀਂ ਦਸ ਲੱਖ ਭਾਗ ਵਿਚ ਇਕ ਭਾਗ ਵੀ ਕਹਿ ਸਕਦੇ ਹਾਂ......

**ਆਕਾਸ਼:** ਬਿਲਕੁਲ ਠੀਕ, ਸ਼ਾਬਾਸ਼... ਕੀ ਗੱਲ ਹੈ... ਬਹੁਤ ਸਮੇਂ ਤੋਂ ਤਾੜੀਆਂ ਨਹੀਂ ਵੱਜੀਆਂ......?

(ਤਾੜੀਆਂ ਦੀ ਆਵਾਜ਼)

**ਸੂਰਜ:** ਕਾਰਬਨ ਡਾਈਆਕਸਾਈਡ ਦੀ ਹਵਾ ਵਿਚ ਸਾਲਾਨਾ ਵਾਧਾ ਦਰ ਕਰੀਬ 1.5 ਪੀ.ਪੀ.ਐੱਮ. ਰਹੀ 1970 ਤੋਂ

2000 ਤਕ ! ਬਾਅਦ ਵਿੱਚ ਦੋ ਪੀ.ਪੀ.ਐੱਮ. ਤੇ ਹੁਣ ਤਿੰਨ ਪੀ.ਪੀ.ਐੱਮ. ਤੋਂ ਉੱਪਰ ਜਾ ਰਹੀ ਹੈ!

**ਆਕਾਸ਼:** ਹੋ ਸਕਦੀ ਹੈ ਇਹ ਵਾਧਾ ਦਰ ਬੇਹੱਦ ਖ਼ਤਰਨਾਕ ! ਪਥਰਾਟੀ ਬਾਲਣਾਂ ਦੀ ਇਸ ਅੰਨ੍ਹੇਵਾਹ ਵਰਤੋਂ ਨਾਲ 2035 ਤਕ ਧਰਤੀ ਦਾ ਤਾਪਮਾਨ $2^0$ ਸੈਲਸੀਅਸ ਤਕ ਵਧ ਸਕਦਾ ਹੈ। ਨਤੀਜੇ ਹੋ ਸਕਦੇ ਨੇ ਤਬਾਹਕੁਨ!

**ਸੌਰਭ:** ਗ੍ਰੀਨ ਹਾਊਸ ਗੈਸਾਂ ਆਪਣੇ ਆਪ ਖਤਮ ਨਹੀਂ ਹੁੰਦੀਆਂ...?

**ਆਕਾਸ਼:** ਨਹੀਂ... ਕਾਰਬਨ ਡਾਈਆਕਸਾਈਡ ਤੇ ਹੋਰ ਗ੍ਰੀਨ ਹਾਊਸ ਗੈਸਾਂ ਵਾਤਾਵਰਨ ਵਿਚ ਲੰਬੇ ਸਮੇਂ ਤੱਕ ਰਹਿ ਕੇ ਧਰਤੀ ਨੂੰ ਗਰਮਾਉਂਦੀਆਂ ਰਹਿੰਦੀਆਂ ਹਨ! ਜੇਕਰ ਕਾਰਬਨ ਡਾਈਆਕਸਾਈਡ ਨੂੰ ਰੋਕਣ ਦੇ ਉਪਾਅ ਅਸੀਂ ਅੱਜ ਤੋਂ ਹੀ ਤੇਜ਼ ਕਰ ਦੇਈਏ, ਤਾਂ ਵੀ ਚੰਗੇ ਨਤੀਜੇ ਆਉਣ ਵਿੱਚ ਕਈ ਸਾਲ ਜਾਂ ਦਹਾਕੇ ਲੱਗ ਸਕਦੇ ਹਨ ।

**ਸੁਰਜੀਤ:** ਸਰ, ਕੀ ਪਾਣੀ ਦੀ ਭਾਫ਼ ਵੀ ਗ੍ਰੀਨ ਹਾਊਸ ਗੈਸ ਹੈ... ?

(ਸਾਰੇ ਹੱਸਦੇ ਹਨ)

**ਸੂਰਜ:** ਹਾਂ!ਪਰ ਵਾਤਾਵਰਨ ਵਿਚ ਭਾਫ਼ ਨੂੰ ਵਧਾਉਣ ਵਿਚ ਮਨੁੱਖ ਦਾ ਸਿੱਧਾ ਕੋਈ ਯੋਗਦਾਨ ਨਹੀਂ ਨਦੀਆਂ, ਸਾਗਰਾਂ, ਤਾਲਾਬਾਂ ਤੋਂ ਪਾਣੀ ਭਾਫ਼ ਬਣਕੇ ਉੱਡਦਾ ਹੀ ਰਹਿੰਦਾ ਹੈ। ਪਰ ਜੇਕਰ ਅਸੀਂ ਕਾਰਬਨ ਡਾਈਆਕਸਾਈਡ ਉੱਤੇ ਰੋਕ ਲਗਾਕੇ ਗਲੋਬਲ ਵਾਰਮਿੰਗ ਨੂੰ ਘਟਾ ਲਈਏ ਤਾਂ ਭਾਫ਼ ਦਾ ਬਣਨਾ ਵੀ ਘੱਟ ਜਾਵੇਗਾ !

**ਸੌਰਭ:** ਭਾਵ ਮੁਸੀਬਤ ਦੀ ਜੜ੍ਹ ਕਾਰਬਨ ਡਾਈਆਕਸਾਈਡ ਹੀ ਹੈ !

**ਆਕਾਸ਼:** ਪਰ ਸਾਡੀ ਆਧੁਨਿਕ ਵਿਕਾਸ ਦੀ ਦੌੜ ਵਿੱਚ ਕੁਦਰਤ ਦੀ ਅਣਦੇਖੀ ਕਾਰਨ ਸੰਤੁਲਨ ਵਿਗੜ ਰਿਹਾ ਹੈ। ਵੱਧਦੇ ਮੋਟਰ ਵਾਹਨ ਤੇ ਕੋਲਾ ਤਾਪ ਬਿਜਲੀ ਘਰ ਵਧਾ ਰਹੇ ਨੇ ਕਾਰਬਨ ਡਾਈਆਕਸਾਈਡ ਦੀ ਨਿਕਾਸੀ ! ਲੋੜ ਹੈ ਸਾਨੂੰ ਮੋੜਾ ਕੱਟਣ ਦੀ ਕੁਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਵੱਲ !

**ਸੂਰਜ:** ਕਾਰਬਨ ਡਾਈਆਕਸਾਈਡ ਨੂੰ ਸੋਖਣ ਲਈ ਕੁਦਰਤ ਵਿੱਚ ਨੇ ਹਰੇ-ਭਰੇ ਜੰਗਲ ! ਕਰਦੇ ਜਾ ਰਹੇ ਹਾਂ ਸਫਾਇਆ ਜਿਨ੍ਹਾਂ ਦਾ ਅਸੀਂ ! ਧਰਤ ਗ੍ਰਹਿ ਨੂੰ ਬਚਾਉਣਾ ਸਾਡੀ ਜਿੰਮੇਵਾਰੀ ਹੈ ! **"ਇਹ ਧਰਤੀ ! ਜੁਗਾਂ ਜੁਗਾਂ ਤੋਂ ਵਸਦੀ ਧਰਤੀ ! ਵਿੱਚ ਵਿਰਾਸਤ ਮਿਲੀ ਅਸਾਂ ਨੂੰ ! ਵਿੱਚ ਵਿਰਾਸਤ ਦੇ ਕੇ ਜਾਣਾ"!**

**ਆਕਾਸ਼:** ਹੁਣ ਇਹ ਸੈਸ਼ਨ ਇਥੇ ਹੀ ਖਤਮ ਕਰਦੇ ਹਾਂ... ਬਾਕੀ ਗੱਲਾਂ ਬਾਹਰ ਚਾਹ 'ਤੇ !

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ਼ -4

**ਸੂਰਜ:** ਆਓ ਕੇਸ਼ਵ! ਆਓ...! ਚੰਗਾ ਕੀਤਾ, ਰਾਹੁਲ ਵੀ ਨਾਲ ਹੈ... ਅਗਲਾ ਸੈਸ਼ਨ ਸ਼ੁਰੂ ਹੋਣ ਤੱਕ ਡਾ.ਮਾਲਾ ਕੋਲ ਚੱਲਦੇ ਹਾਂ... ਉਹ ਖੇਤੀ ਤੇ ਜਲਵਾਯੂ ਪਰਿਵਰਤਨ ਦੇ ਆਪਸੀ ਸਬੰਧਾਂ 'ਤੇ ਕੰਮ ਕਰ ਰਹੇ ਨੇ !

**ਰਾਹੁਲ:** ਡਾ.ਮਾਲਾ ਓਹੀ ਨੇ ਜਿਹੜੇ ਹਰ ਸਾਲ ਛੁੱਟੀਆਂ ਵਿਚ ਆਪਣੇ ਪਿੰਡ ਜ਼ਰੂਰ ਜਾਂਦੇ ਨੇ...।

**ਸੂਰਜ:** ਹਾਂ...ਓਹੀ...ਲਓ ਆ ਗਿਆ ਉਹਨਾਂ ਦਾ ਕਮਰਾ...!

(ਦਰਵਾਜ਼ੇ ਉੱਤੇ ਦਸਤਕ ਦੇ ਕੇ ਆਉਣ ਦਾ ਪ੍ਰਭਾਵ )

**ਮਾਲਾ:** ਆਓ...ਡਾ.ਸੂਰਜ ਜੀ ! ... ਹੈਲੋ ਕੇਸ਼ਵ...ਹੈਲੋ ਰਾਹੁਲ...

**ਕੇਸ਼ਵ:** ਤੁਸੀਂ ਜਾਣਦੇ ਹੋ ਮੈਨੂੰ...?

**ਮਾਲਾ:** ਡਾ.ਸੂਰਜ ਜੀ ਨੇ ਦੱਸਿਆ ਸੀ ਤੁਹਾਡੇ ਬਾਰੇ...! ਕਿਵੇਂ ਚੱਲ ਰਹੀ ਹੈ... ਤੁਹਾਡੀ ਖੇਤੀਬਾੜੀ...?

**ਕੇਸ਼ਵ:** ਠੀਕ ਹੈ, ਪਰ ਮੌਸਮ ਦੀ ਉਥਲ-ਪੁਥਲ ਪਰੇਸ਼ਾਨ ਕਰ ਦਿੰਦੀ ਹੈ...। ਕਦੇ ਹੜ੍ਹ...ਕਦੇ ਸੋਕਾ...

**ਮਾਲਾ:** ਹਾਂ ! ਤਪਸ ਵਧ ਰਹੀ ਹੈ! ਧਰਤੀ ਦਾ ਤਾਪਮਾਨ $1^0$ ਸੈਲਸੀਅਸ ਵਧਣ ਨਾਲ ਵੀ ਵੱਜੇਗੀ ਵਦਾਣੀ ਸੱਟ! ਦੁਨੀਆ ਦੇ ਭੋਜਣ-ਉਤਪਾਦਨ ‘ਤੇ ... ਪੈਂਦਾ ਹੈ ਇਸ ਤਪਸ ਦਾ ਪ੍ਰਭਾਵ ਖੇਤਾਂ ਤੋਂ ਲੈ ਕੇ ਸਾਗਰਾਂ ਤਕ...

**ਰਾਹੁਲ:** ਹੈਂ ! ਇਹ ਤਾਂ ਬੜੀ ਖਤਰਨਾਕ ਵਰਤਾਰਾ ਹੈ... ਖ਼ੈਰ...

**ਮਾਲਾ(ਹੱਸਦੇ ਹੋਏ):** ਕੇਸ਼ਵ, ਇਸ ਵਾਰ ਤਾਂ ਮੌਨਸੂਨ ਵਕਤ ਸਿਰ ਆਉਣ ਵਾਲੀ ਹੈ ਤੇ ਵਰਖਾ ਵੀ ਨਾਰਮਲ ਹੀ ਹੋਵੇਗੀ... ਘਬਰਾਉਣ ਵਾਲੀ ਕੋਈ ਗੱਲ ਨਹੀਂ! ਪਰ...ਪਰ...

**ਕੇਸ਼ਵ:** ਪਰ ਕੀ ਮੈਡਮ...

**ਮਾਲਾ:** ਪਰ ਇਕ ਖ਼ਤਰਾ ਹੈ... ਐੱਲਨੀਨੋ ਦਾ !

**ਰਾਹੁਲ:** ਐਲਨੀਨੋ...ਕੀ ਹੁੰਦਾ ਹੈ ਇਹ ਐੱਲਨੀਨੋ ......?

**ਸੂਰਜ:** ਐੱਲਨੀਨੋ ਸਪੇਨੀ ਜ਼ੁਬਾਨ ਦਾ ਸ਼ਬਦ ਹੈ, ਜਿਸਦਾ ਮਤਲਬ ਹੈ ‘ਛੋਟਾ ਲੜਕਾ’। ਇਹ ਜਲਵਾਯੂ ਸਬੰਧੀ ਇੱਕ ਘਟਨਾ ਦਾ ਨਾਮ ਹੈ! ਵਾਪਰਦੀ ਹੈ ਇਹ ਪ੍ਰਸ਼ਾਤ ਮਹਾਂਸਾਗਰ ਵਿਚ ! ਕਰਦੀ ਹੈ ਪ੍ਰਭਾਵਤ ਜਲਵਾਯੂ ਨੂੰ ਤੇ ਕਈ ਦੇਸਾਂ ਦੀਆਂ ਮੌਨਸੂਨ ਨੂੰ ਵੀ !

**ਮਾਲਾ:** ਇਹ ਐਲੱਨੀਨੋ ਭੂਮੱਧੀ ਪ੍ਰਸ਼ਾਂਤ ਮਹਾਸਾਗਰ ਵਿੱਚ ਹਰ ਤਿੰਨ ਤੋਂ ਸੱਤ ਸਾਲ ਦੇ ਵਕਫੇ ‘ਤੇ ਵਾਪਰਨ ਵਾਲਾ ਇਕ ਬੇਢਬਾ ਜਲਵਾਯੂ ਚੱਕਰ ਹੁੰਦਾ ਹੈ,! ਪਰ ਹੁਣ ਜਲਵਾਯੂ ਬਦਲਾਉ ਅਤੇ ਆਲਮੀ ਤਪਸ ਦੇ ਕਾਰਨ... ਇਸਦੇ ਗੇੜ ਹੋਰ ਵੀ ਜਿਆਦਾ ਬੇਨਿਯਮੇ ਹੋ ਗਏ ! ਇਸ ਬਾਬਤ ਕਦੋਂ ਤੇ ਕਦ ਦੇ ਪ੍ਰਸ਼ਨ ਮੁਸ਼ਕਲ ਬਣ ਗਏ !

**ਕੇਸ਼ਵ:** ਐੈਲਨੀਨੋ ਦੀ ਭਵਿਖਬਾਣੀ ਸੌਖੀ ਨਾ ਹੋਣ ਕਰਕੇ ਹੀ ਹੁਣ ਤਕ ਕੋਈ ਘੋਸ਼ਣਾ ਨਹੀਂ ਹੋਈ ਕਿ ਐਲ ਨੀਨੋ ਇਸ ਵਾਰ ਕਿਰਿਆਸ਼ੀਲ ਹੋਵੇਗਾ ਕਿ ਨਹੀਂ...!

**ਸੂਰਜ:** ਐੈਲਨੀਨੋ ਬਣਦਾ ਹੈ ਜਦ ਪ੍ਰਸ਼ਾਂਤ ਮਹਾਸਾਗਰ ਦੇ ਸਰਦ ਪਾਣੀਆਂ ਵਿੱਚ ਗਰਮ ਪਾਣੀ ਰਲ ਜਾਂਦਾ ਹੈ! ਪ੍ਰਸ਼ਾਂਤ ਮਹਾਸਾਗਰ ਦੇ ਪੱਛਮੀ ਵਿੱਚ ਉਚ ਦਬਾਅ ਬਣ ਜਾਂਦਾ ਹੈ ਤੇ ਪੂਰਬੀ ਭਾਗ ਵਿੱਚ ਦਬਾਅ ਘੱਟ ਜਾਂਦਾ ਹੈ ! ਪੂਰਬ ਤੋਂ ਪੱਛਮ ਵੱਲ ਵਗਣ ਵਾਲੀਆਂ ਵਪਾਰਕ ਪੌਣਾਂ ਦੀ ਦਿਸ਼ਾ ਉਲਟੀ ਹੋ ਜਾਂਦੀ ਹੈ ।

**ਰਾਹੁਲ:** ਸਾਡੇ ਦੇਸ਼ ਦੀਆਂ ਮੌਨਸੂਨ ਪੌਣਾਂ ਵੀ ਤਾਂ ਇਹਨਾਂ ਟ੍ਰੇਡ ਵਿੰਡਜ਼ ਉੱਤੇ ਨਿਰਭਰ ਰਹਿੰਦੀਆਂ ਹਨ... ਇਨ੍ਹਾਂ ਉੱਤੇ ਵੀ ਅਸਰ ਤਾਂ ਪੈਂਦਾ ਹੀ ਹੋਵੇਗਾ...?

**ਮਾਲਾ:** ਭਾਰਤੀ ਮੌਨਸੂਨ ਦਾ ਐੈਲਨੀਨੋ ਨਾਲ ਕੋਈ ਬਹੁਤਾ ਸਬੰਧ ਨਹੀਂ! ਜੇ ਗਰਮੀ ਦਾ ਗੇੜ ਮੱਧ ਪ੍ਰਸ਼ਾਂਤ ਮਹਾਸਾਗਰ ਵਿੱਚ ਹੋਵੇ ਤਾਂ ਮੌਨਸੂਨ ਘੱਟ ਜਾਂਦੀ ਹੈ ਪਰ ਜੇ ਇਹ ਪੂਰਬੀ ਪ੍ਰਸ਼ਾਂਤ ਮਹਾਸਾਗਰ ਵਿੱਚ ਹੋਵੇ ਤਾਂ ਭਾਰਤੀ ਮੌਨਸੂਨ ਤੇ ਕੋਈ ਪ੍ਰਭਾਵ ਨਹੀਂ ਪੈਂਦਾ !

**ਕੇਸ਼ਵ:** ਅਸਟਰੇਲੀਆ ਅਤੇ ਦੱਖਣ-ਪੂਰਬ ਏਸ਼ੀਆ ਵਿਚ ਮੀਂਹ ਦੀ ਕਮੀ ਹੋ ਜਾਂਦੀ ਹੈ... ਸੋਕਾ ਪੈ ਜਾਂਦਾ ਹੈ... ਅਤੇ

ਇਹ ਮਾਰ ਐਲਨੀਨੋ ਦੇ ਕਮਜ਼ੋਰ ਜਾਂ ਮਜ਼ਬੂਤ ਹੋਣ ਉੱਤੇ ਨਿਰਭਰ ਕਰਦੀ ਹੈ...।

**ਸੂਰਜ:** ਦੂਜੇ ਪਾਸੇ ਪੇਰੂ ਵਿਚ ਤੇਜ਼ ਮੀਂਹ ਪੈਂਦਾ ਹੈ...ਪੂਰਬੀ ਅਫ਼ਰੀਕਾ ਵਿਚ ਮੀਂਹ ਅਤੇ ਸੋਕਾ ਦੋਵੇਂ ਹੀ ਹੋ ਸਕਦੇ ਹਨ।

**ਕੇਸ਼ਵ:** ਕਦੇ-ਕਦੇ ਐਲਨੀਨੋ ਤੋਂ ਠੀਕ ਉਲਟ ਹਾਲਾਤ ਵੀ ਬਣ ਜਾਂਦੇ ਹਨ... ਉਸਨੂੰ ਕਹਿੰਦੇ ਨੇ ਲਾ-ਨੀਨਾ !

**ਰਾਹੁਲ:** ਇਸਦਾ ਮਤਲਬ ਹੁੰਦਾ ਹੋਵੇਗਾ ਛੋਟੀ ਲੜਕੀ ...

**ਕੇਸ਼ਵ:** ਹਾਂ ! ਲਾ ਨੀਨਾ ਕਾਰਨ ਸਾਡੇ ਦੇਸ਼ ਵਿਚ ਕਦੀਕਦਾਈਂ ਹੜ੍ਹ ਦਾ ਕਹਿਰ ਵਾਪਰ ਸਕਦਾ ਹੈ...

**ਰਾਹੁਲ :** ਮੈ'ਮ, ਓਜ਼ੋਨ ਪਰਤ ਵਿਚ ਛੇਦ ਨਾਲ ਸਾਡੀ ਖੇਤੀ 'ਤੇ ਕੀ ਪੈ ਸਕਦਾ ਹੈ ਪ੍ਰਭਾਵ...?

**ਮਾਲਾ:** ਧਰਤੀ ਦੇ ਉਪਰਲੇ ਵਾਯੂਮੰਡਲ ਵਿਚ ਓਜ਼ੋਨ ਗੈਸ ਦੀ ਇਕ ਮੋਟੀ ਚਾਦਰ ਤਣੀ ਹੋਈ ਹੈ... ਇਹ ਚਾਦਰ ਸੂਰਜ ਤੋਂ ਆਉਂਦੀਆਂ ਹਾਨੀਕਾਰਕ ਪਰਾਬੈਂਗਣੀ ਕਿਰਨਾਂ ਤੋਂ ਸਾਨੂੰ ਬਚਾਉਂਦੀ ਹੈ......

**ਸੂਰਜ:** ਪਰ ਕਲੋਰੋਫਲੋਰੋਕਾਰਬਨੀ ਗੈਸਾਂ ਕਾਰਨ ਇਹ ਪਰਤ ਬਹੁਤ ਪਤਲੀ ਹੋ ਗਈ ! ਇਸੇ ਨੂੰ ਕਹਿੰਦੇ ਨੇ ਓਜ਼ੋਨ ਪਰਤ ਵਿੱਚ ਛੇਦ ! ਇਸ ਛੇਦ ਕਰਕੇ ਪਰਾਬੈਂਗਣੀ ਕਿਰਨਾਂ ਧਰਤੀ ਉੱਤੇ ਆਉਣ ਲੱਗ ਗਈਆਂ ਹਨ...।

**ਮਾਲਾ:** ਪਰੰਤੂ ਖੇਤੀ ਉੱਤੇ ਇਸਦਾ ਕੋਈ ਸਿੱਧਾ ਪ੍ਰਭਾਵ ਨਹੀਂ... ਪਰ ਇਨ੍ਹਾਂ ਨਾਲ ਚਮੜੀ ਦਾ ਕੈਂਸਰ ਹੋ ਸਕਦਾ ਹੈ... ਅੱਖਾਂ ਖ਼ਰਾਬ ਹੋ ਸਕਦੀਆਂ ਹਨ... ਵਗੈਰਾ...ਵਗੈਰਾ......

**ਰਾਹੁਲ:** ਤਦ ਤਾਂ ਬੜੀ ਮੁਸੀਬਤ ਹੈ ! ਇਹ ਜਲਵਾਯੂ ਪਰਿਵਰਤਨ ਤਾਂ ਲੱਗਦਾ ਹੈ ਕਿ ਪੂਰੀ ਦੁਨੀਆਂ ਨੂੰ ਆਪਣੀ ਲਪੇਟ 'ਚ ਲਵੇਗਾ... ਕੋਈ ਵੀ ਨਹੀਂ ਬਚੇਗਾ ਇਸਦੇ ਕਹਿਰ ਤੋਂ ਤਾਂ ...।

**ਕੇਸ਼ਵ:** ਹਾਂ... ਜੀਵ-ਜੰਤੂ...ਰੁੱਖ... ਪੂਰੀ ਜੈਵ-ਵੰਨ ਸੁਵੰਨਤਾ ਤੇ ਅਸੀਂ ਸਾਰੇ, ਗਲੋਬਲ ਵਾਰਮਿੰਗ ਤੋਂ ਪ੍ਰਭਾਵਿਤ ਹੋ ਰਹੇ ਹਾਂ... ਇਹ ਭੂਗੋਲਿਕ ਸੀਮਾਵਾਂ ਵਿਚ ਵੀ ਨਹੀਂ ਬੰਨ੍ਹੀ... !

**ਮਾਲਾ:** ਗਲੋਬਲ ਵਾਰਮਿੰਗ ਦੇ ਆਰਥਿਕ ਪਹਿਲੂ ਵੀ ਹਨ... ਕਰੋੜਾਂ ਲੋਕਾਂ ਦੀ ਰੋਟੀ-ਰੋਜ਼ੀ, ਸਿਹਤ ਤੇ ਵਾਪਾਰ ਇਸ ਕਾਰਨ ਖ਼ਤਰੇ ਵਿਚ ਪੈਂਦਾ ਦਿਸਦਾ ਹੈ...।

**ਸੂਰਜ:** ਹਾਂ...ਗਲੋਬਲ ਵਾਰਮਿੰਗ ਸਾਡੀ ਦੁਨੀਆ ਲਈ ਇਕ ਸਮਾਜਿਕ-ਆਰਥਿਕ ਅਤੇ ਭੂਗੋਲਿਕ ਸਮੱਸਿਆ ਵੀ ਹੈ।

**ਰਾਹੁਲ:** ਇਸ ਨਾਲ ਨਿਪਟੀਏ ਕਿਵੇਂ ?

**ਮਾਲਾ:** ਇਸਦੇ ਲਈ ਸਾਨੂੰ... ਪੂਰੀ ਦੁਨੀਆ ਨੂੰ ਇਕੱਠੇ ਹੋ ਕੇ ਕੰਮ ਕਰਨਾ ਹੋਵੇਗਾ...।ਕੁੱਦਰਤ ਨਾਲ ਇਕਸੁਰਤਾ ਵਾਲੇ ਵਿਕਾਸ ਦਾ ਮਾਡਲ ਅਪਣਾਉਣਾ ਹੋਵੇਗਾ ...।

**ਕੇਸ਼ਵ:** ਇਸਦੇ ਨਤੀਜੇ ਵੀ ਸਾਹਮਣੇ ਆਉਣਗੇ !

(ਸਮਾਪਤੀ ਸੰਗੀਤ)

**ਪ੍ਰਸ਼ਨ** 1: ਆਲਮੀ ਤਪਸ ਲਈ ਕਿਹੜੀ ਗੈਸ ਮੁੱਖ ਤੌਰ ਤੇ ਜ਼ਿੰਮੇਵਾਰ ਹੈ ? ਤੇ ਓਜ਼ੋਨ ਪਰਤ ਦੀ ਮੋਰੀ ਲਈ ਕਿਹੜੀ ?

ਉਤਰ: ਆਲਮੀ ਤਪਸ ਲਈ ਕਾਰਬਨਡਾਈਅਕਸਾਈਡ ਤੇ ਓਜ਼ੋਨ ਪਰਤ ਦੀ ਮੋਰੀ ਲਈ ਕਲੋਰੋਫਲੋਰੋਕਾਰਬਨਜ਼ !

**ਪ੍ਰਸ਼ਨ** 2: ਜਲਵਾਯੂ ਵਿੱਚ ਬਦਲਾਅ ਰੋਕਣ ਵਾਸਤੇ ਕੀ ਕਰਨ ਦੀ ਲੋੜ ਹੈ ?

ਉਤਰ: ਪਥਰਾਹਟੀ ਬਾਲਣਾਂ ਤੇ ਟੇਕ ਘਟਾਉਣ ਦੀ ਤੇ ਕੁਦਰਤ ਨਾਲ ਇਕਸੁਰਤਾ ਵਾਲ ਵਿਕਾਸ ਮਾਡਲ ਅਪਣਾਉਣ ਦੀ!